# ਛੇਕੜਲੇ ਸਾਹਾਂ ਦੀ ਅਰਜ਼

# ਸਮਰਪਣ

ਮੇਰੇ ਨੰਨ੍ਹੇ ਸੂਰਜਾਂ ਦੇ ਨਾਂ
ਜਿਹਨਾਂ ਨੂੰ ਮੈਂ ਕੱਲ੍ਹ ਦੇ ਅਸਮਾਨ ਉੱਤੇ
ਆਪ ਰੌਸ਼ਨ ਹੋਏ ਦੇਖਣਾ ਚਾਹੁੰਦੀ ਹਾਂ
ਅਤੇ
ਦੁਨੀਆਂ ਦੀ ਹਰ ਔਰਤ ਦੀ
ਉਸ ਪੀੜ ਦੇ ਨਾਂ ਜੋ ਉਹ
ਜਾਣੇ-ਅਣਜਾਣੇ ਹੰਢਾਉਂਦੀ ਹੈ...
ਪੱਥਰ ਬਣ ਕੇ ਜਾਂ
ਪੱਥਰ ਜੰਮ ਕੇ...

# ਛੇਕੜਲੇ ਸਾਹਾਂ ਦੀ ਅਰਜ਼

ਗਗਨ ਬਰਾੜ

# Chhekrle Sahan Di Araz

*by*

**Gagan Brar**
V.P.O. Matta
Teh. Jaitu, Dist. Faridkot
Mob. 98782-43761
Resi. 01635-241758

2009
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2009*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


✲ ਛੇਕੜਲੇ ਸਾਹਾਂ ਦੀ ਅਰਜ਼ 11
✲ ਤੂੰ ਆਵੀਂ 12
✲ ਹੋਣੀ 13
✲ ਇਕ ਮੁਲਾਕਾਤ 14
✲ ਸੁਪਨਾ 15
✲ ਚੁੰਮਣ 16
✲ ਜੰਮਣ ਪੀੜ 17
✲ ਚੋਭਾਂ 18
✲ ਅੰਬਰ 19
✲ ਜ਼ਖਮ 20
✲ ਸੀਨੇ ਦੀ ਲਾਟ 21
✲ ਦੀਵਾ 22
✲ ਰੱਬ ਵਰਗਾ ਮੁਹਾਂਦਰਾ 23
✲ ਰਾਤ ਦੇ ਲੇਖ 25
✲ ਜੋਗੀ 26
✲ ਵਫ਼ਾ 27
✲ ਮੀਂਹ 28
✲ ਤੇਰੇ ਬੋਲ 29
✲ ਛਿਪਦਾ ਸੂਰਜ 30
✲ ਚਿਰਾਗ 31
✲ ਰੁੱਖ 32
✲ ਤੂੰ ਅਤੇ ਮੈਂ 33
✲ ਪਰਿਕਰਮਾ 34
✲ ਮਮਤਾ ਦਾ ਨਿੱਘ 35
✲ ਮੌਨ ਵਰਤ 36
✲ ਚਾਨਣ ਦਾ ਅਰਘ 37
✲ ਸਿਰਨਾਵਾਂ 38
✲ ਮਹਿੰਦੀ 39
✲ ਕੌਣ ਦੁਖੜੇ ਜਾਣੇ 40
✲ ਪੈੜਾਂ 41
✲ ਪੀੜਾਂ ਦਾ ਪਾਸਾ ਥੱਲ ਜਾ 42
✲ ਪਹਿਲੀ ਵਾਰੀ 43
✲ ਕਰਵਾ ਚੌਥ ਤੇ 44
✲ ਹੰਝੂ 45
✲ ਜੇ ਤੈਨੂੰ ਯਾਦ ਹੋਵੇ 46
✲ ਉਡੀਕ 47
✲ ਹੋ ਸਕੇ ਤਾਂ… 48
✲ ਜੀਅ ਕਰਦੈ 49
✲ ਮੈਨੂੰ ਬੋਲਣ ਦਿਉ 50
✲ ਯਾਦਾਂ ਦੇ ਬਿਰਖ 51

✲ ਨਿੰਮ 52
✲ ਸੁਪਨਿਆਂ ਦੇ ਰੁੱਖ 54
✲ ਅਪੂਰਨ ਖਾਹਿਸ਼ 55
✲ ਅੰਮ੍ਰਿਤਾ ਪ੍ਰੀਤਮ ਨੂੰ 56
✲ ਤਲਾਸ਼ 57
✲ ਅਲਵਿਦਾਇਗੀ 58
✲ ਕਿਉਂ 59
✲ ਅਣਚਾਹੇ ਦੁੱਖ 60
✲ ਉਹ ਦਿਨ 61
✲ ਜਮ੍ਹਾਂ ਅਤੇ ਮਨਫੀ 62
✲ ਪੋਸਟਮਾਰਟਮ 63
✲ ਗੁਲਾਮ 64
✲ ਰਿਸ਼ਤਿਆਂ ਦੀ ਦਲਦਲ 65
✲ ਸੋਚ 66
✲ ਚੰਨ 67
✲ ਰੱਬ 68
✲ ਬਾਬਲ ਦਾ ਘਰ 69
✲ ਵਹੁਟੀ 70
✲ ਕਰੋਪੀ 71
✲ ਕੁੜੀਆਂ 72
✲ ਮੈਂ ਨਹੀਂ ਲਿਖ ਸਕਦੀ 73
✲ ਕੌਣ 74
✲ ਸ਼ਬਦਾਂ ਦਾ ਸਾਥ 75
✲ ਨਿੱਕੀ ਸਾਂ ਜਦੋਂ 76
✲ ਹੰਝੂਆਂ ਦੀਆਂ ਛੱਲਾਂ 77
✲ ਜੇ ਮੈਂ ਜੰਮਾਂ 78
✲ ਕੁਸੈਲੀਆਂ ਤਾਂਘਾਂ 79
✲ ਅਵੱਲੜੀਆਂ ਪੀੜਾਂ 81
✲ ਕਿਸਦੀ ਬਦ-ਦੁਆ 82
✲ ਕੌਣ ਕਿਸੇ ਦੇ ਅੱਥਰੂ ਪੀਂਦੈ 83
✲ ਆਖੀਂ ਨੀ ਮਾਏ ਉਸਨੂੰ 84
✲ ਮੁਬਾਰਕ 85
✲ ਮਾਂ-ਪਿਉ 86
✲ ਅੱਗ ਅਤੇ ਪਾਣੀ 87
✲ ਸਾਹਾਂ ਦੀ ਵਲਟੋਹੀ 88
✲ ਕਠਪੁਤਲੀ 89
✲ ਇਲਜ਼ਾਮ 90
✲ ਹੌਂਕਾ 91
✲ ਚੁੱਪ ਦਾ ਕਰੀਂਡਲ 92
✲ ਆਤਮਘਾਤ ਦੇ ਗਵਾਹ 93
✲ ਸੂਚਨਾ 94
✲ ਸੁਪਨੇ 95
✲ ਤੂੰ 96
✲ ਜਿੰਦ ਦਾ ਸੁਰਮਾ 97
✲ ਸਾਹਾਂ ਦਾ ਪੀਹਣ 98
✲ ਨਿਰੰਤਰਤਾ 99
✲ ਮੇਰੀ ਹੋਂਦ 99
✲ ਸਵਾਲ 100

# ਇਸਤਰੀ ਵੇਦਨਾ ਦੀ ਸ਼ਾਇਰੀ

ਗਗਨ ਬਰਾੜ ਉਰਫ਼ ਖੁਸ਼ਵਿੰਦਰ ਦੀਆਂ ਇਹ ਕਵਿਤਾਵਾਂ ਪੜ੍ਹ ਕੇ ਮੈਂ ਮਹਿਸੂਸ ਕੀਤਾ ਹੈ ਕਿ ਉਸ ਦੀ ਸਮੁੱਚੀ ਸ਼ਾਇਰੀ ਇਸਤਰੀ ਜਾਤੀ ਦੀ ਪੀੜ ਨੂੰ ਵਿਅਕਤ ਕਰਦੀ ਜਾਪਦੀ ਹੈ। ਅਸਲ ਵਿਚ ਹਰ ਕਵੀ ਜਾਂ ਕਵਿੱਤਰੀ ਦੀ ਰਚਨਾ ਉਸ ਦੀ ਨਿੱਜੀ ਜ਼ਿੰਦਗੀ ਦੇ ਉਤਰਾਵਾਂ ਚੜ੍ਹਾਵਾਂ ਦਾ ਪਰਤੌ ਹੁੰਦਾ ਹੈ। ਸਾਹਿਰ ਲੁਧਿਆਣਵੀ ਦਾ ਵੀ ਕਥਨ ਹੈ ਕਿ ਦੁਨੀਆਂ ਨੇ ਜੋ ਤਲਖ ਤਜ਼ਰਬੇ ਉਸ ਨੂੰ ਦਿਤੇ ਹਨ, ਉਹ ਆਪਣੀ ਸ਼ਾਇਰੀ ਰਾਹੀਂ ਲੋਕਾਂ ਨੂੰ  ਮੋੜ ਰਿਹਾ ਹੈ। ਠੀਕ ਇਸੇ ਤਰ੍ਹਾਂ ਗਗਨ ਦੀ ਸ਼ਾਇਰੀ ਵੀ ਇਸਤਰੀ ਜ਼ਾਤ ਦੇ ਨਿੱਜੀ ਅਨੁਭਵਾਂ ਨੂੰ ਬਿਆਨਦੀ ਹੈ। ਮੈਂ ਉਸਨੂੰ ਪੰਦਰਾਂ-ਸੋਲਾਂ ਸਾਲਾਂ ਤੋਂ ਜਾਣਦਾ ਹਾਂ। ਉਹ ਸਾਹਿਤ ਸਭਾ ਫ਼ਰੀਦਕੋਟ ਦੀਆਂ ਬੈਠਕਾਂ ਵਿਚ ਆਉਂਦੀ ਹੁੰਦੀ ਸੀ। ਇਕ ਸਾਊ, ਸੁਣੱਖੀ ਤੇ ਸੂਝਵਾਨ ਲੜਕੀ। ਉਸ ਦੀਆਂ ਕਵਿਤਾਵਾਂ ਪ੍ਰਭਾਵਸ਼ਾਲੀ ਤੇ ਸੋਚ-ਉਕਸਾਊ ਹੁੰਦੀਆਂ ਤੇ ਪਸੰਦ ਕੀਤੀਆਂ ਜਾਦੀਆਂ। ਸਭਾ ਤੋਂ ਪ੍ਰੇਰਿਤ ਹੋ ਕੇ ਉਹ ਅਖ਼ਬਾਰਾਂ-ਰਸਾਲਿਆਂ 'ਚ ਛਪਣ ਲੱਗੀ। ਇਸੇ ਤੋਂ ਉਤਸ਼ਾਹਿਤ ਹੋ ਕੇ ਉਸਨੇ ਇਹ ਸਫ਼ਲ ਕਦਮ ਪੁੱਟਿਆ ਹੈ।

ਗਗਨ ਦੀ ਕਵਿਤਾ ਦੀ ਮੁੱਖ ਸੁਰ ਨਿਰਾਸ਼ਾ ਭਰਪੂਰ ਹੈ। ਉਹ ਮੁੜ-ਮੁੜ ਕੇ ਮੌਤ ਦੀ ਗੱਲ ਕਰਦੀ ਹੈ, ਵਾਰ ਵਾਰ ਲਾਸ਼ਾਂ ਦਾ ਜ਼ਿਕਰ ਕਰਦੀ ਹੈ। ਇਸੇ ਪ੍ਰਸੰਗ ਵਿਚ ਉਸ ਦੀਆਂ ਇਹ ਸਤਰਾਂ ਵੇਖੋ:-

ਉਹ ਦਿਨ ਪਤਾ ਨਹੀਂ ਕਦ ਆਵੇਗਾ
ਜਦੋ ਮੇਰੇ ਘਰ ਮੇਰੀ ਮਕਾਣ ਢੁਕੇਗੀ
ਜਦ ਲੰਮੀ ਉਮਰ ਦੇ
ਦੁਖਦੇ ਗਲੇ ਵਿੱਚੋਂ ਚੀਕ ਮੁੱਕੇਗੀ
ਜਦ ਦੁਨੀਆਂ ਦੇ ਥੱਕੇ ਟੁੱਟੇ
ਮੋਢਿਆਂ 'ਤੇ ਮੇਰੀ ਲਾਸ਼ ਉਠੇਗੀ
ਤੇ ਲਾਸ਼ਾ ਚੁੱਕਦੀ ਦੁਨੀਆਂ ਵਿਚਾਰੀ ਥੱਕ ਮੁੱਕੇਗੀ।

ਪਰ ਉਸਦਾ ਇਹ ਜੀਵਨ ਪ੍ਰਤੀ ਉਤਪੰਨ ਨਿਰਾਸ਼ਾਵਾਦ 'ਨਿਰੰਤਰਤਾ' ਵਰਗੀਆਂ ਕਵਿਤਾਵਾਂ ਵਿਚ ਆਸ਼ਾਵਾਦ ਵਿਚ ਤਬਦੀਲ ਹੁੰਦਾ ਨਜ਼ਰ ਆਉਂਦਾ ਹੈ। ਜਿਸ 'ਚ ਉਹ ਬੇਹਾਲ ਹੁੰਦਿਆਂ ਹੋਇਆਂ ਵੀ ਨਿਰੰਤਰ ਆਪਣੀ ਮੰਜ਼ਲ ਵੱਲ ਇਕ ਉਸਾਰੂ ਦ੍ਰਿਸ਼ਟੀਕੋਣ ਰੱਖ ਕੇ ਵਧਦੀ ਜਾ ਰਹੀ ਹੈ। ਜਰਾ ਦੇਖੋ:-

ਨਾ ਪੈਰਾਂ 'ਚ ਦੇਖੇ ਛਾਲੇ
ਨਾ ਹੱਥਾਂ ਦੀਆਂ ਲਕੀਰਾਂ
ਮੰਜਿਲ ਵੀ ਪਤਾ ਨਹੀਂ ਹੈ
ਬਸ ਤੁਰਦੇ ਜਾ ਰਹੇ ਹਾਂ।

ਗਗਨ ਦੀ ਕਵਿਤਾ ਦਾ ਇਕ ਹੋਰ ਮਹੱਤਵਪੂਰਨ ਲੱਛਣ ਔਰਤ ਦੀ ਸਥਿਤੀ ਅਤੇ ਹੋਣੀ ਦਾ ਭਾਵਪੂਰਨ ਚਿਤਰਨ ਹੈ। ਉਸ ਤੋਂ ਪਹਿਲਾਂ ਵੀ ਕੁਝ ਕਵਿੱਤਰੀਆਂ ਨੇ ਇਹ ਕਾਰਜ ਕੀਤਾ ਹੈ ਜਿਨ੍ਹਾਂ ਵਿਚ ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ ਤੇ ਹੋਰ ਕਵਿੱਤਰੀਆਂ ਹਨ। ਜਾਗੀਰੂ ਸਮਾਜ ਵਿਚ ਔਰਤ ਨਾਲ ਅਨਿਆ ਹੀ ਹੁੰਦਾ ਰਿਹਾ ਹੈ। ਭਾਵੇਂ ਪਹਿਲਾਂ ਨਾਲੋਂ ਕਾਫੀ ਸੁਧਾਰ ਹੋਇਆ ਹੈ ਪਰ ਅਜੇ ਵੀ ਔਰਤ ਦੀ ਸਥਿਤੀ ਮਜਬੂਤ ਕਰਨ ਹਿਤ ਬਹੁਤ ਕੁਝ ਕਰਨ ਦੀ ਲੋੜ ਹੈ। ਦਾਜ ਦੀ ਸਮੱਸਿਆ ਲਾਲਚ ਦਾ ਹੀ ਦੂਜਾ ਨਾਂ ਹੈ। ਫਲਸਰੂਪ ਭਰੂਣ ਹੱਤਿਆ ਵਰਗੀ ਲਾਹਨਤ ਸਮਾਜ ਦਾ ਚਿਹਰਾ ਕਲੰਕਤ ਕਰ ਰਹੀ ਹੈ। ਗੁਰੂ ਨਾਨਕ ਵਰਗੇ ਯੁਗ ਪੁਰਸ਼ ਵਲੋਂ ਇਸਤਰੀ ਜਾਤੀ ਦਾ ਪੱਖ ਪੂਰਨ ਦੇ ਬਾਵਜੂਦ ਪੰਜਾਬ ਦੀ ਸਰਜ਼ਮੀਨ ਤੇ ਕੁੜੀਆਂ ਨੂੰ ਕੁੱਖ ਵਿਚ ਮਾਰਨ ਦੀ ਮਾਰੂ ਬਿਰਤੀ ਬਰਕਰਾਰ ਹੈ। ਇਸ ਪ੍ਰਸੰਗ ਵਿਚ ਗਗਨ ਦੇ ਵਿਚਾਰ ਸੁਣੋ:-

ਵੇ ਸੂਰਮਿਓ, ਵੇ ਰਹਿਬਰੋ, ਹੁਣ ਕਿਸ ਦੀ ਕੁੱਖੋਂ ਜੰਮੋਗੇ ?
ਔਹ ਵੇਖੋ ਜਣਨੀ ਤੁਹਾਡੀ ਸਾਗਰ 'ਚ ਰੁੜ੍ਹਦੀ ਜਾ ਰਹੀ।

ਅੰਤ 'ਚ ਇਹੀ ਕਹਾਂਗਾ ਕਿ ਗਗਨ ਬਰਾੜ ਦੀ ਰਚਨਾ ਕਲਪਣਾ ਭਰਪੂਰ ਤੇ ਭਾਵਪੂਰਨ ਹੈ। ਇਹ ਉਸਦੀ ਪਹਿਲੀ ਉਡਾਣ ਹੈ ਪਰ ਸਮਾਂ ਬੀਤਣ ਨਾਲ, ਅਭਿਆਸ ਤੇ ਤਜ਼ਰਬੇ ਰਾਹੀਂ ਉਸ ਦੀ ਆਪਣੀਆਂ ਕਵਿਤਾਵਾਂ ਦੇ ਵਿਸ਼ਿਆਂ ਤੇ ਪਕੜ ਵਧੇਰੇ ਮਜ਼ਬੂਤ ਹੋਵੇਗੀ ਤੇ ਉਹ ਪੰਜਾਬੀ ਮਾਂ ਬੋਲੀ ਦੀ ਝੋਲੀ ਬਹੁਤ ਨਰੋਈਆਂ ਕਵਿਤਾਵਾਂ ਨਾਲ ਭਰੇਗੀ ਤੇ ਇਕ ਸਮਰੱਥ ਸ਼ਾਇਰਾ ਹੋਣ ਦੀ ਦਾਅਵੇਦਾਰ ਬਣ ਸਕੇਗੀ; ਮੈਂ ਉਸ ਦੇ ਇਸ ਕਾਵਿ ਸੰਗ੍ਰਹਿ ਦਾ ਦਿਲੋਂ ਸੁਆਗਤ ਕਰਦਾ ਹੋਇਆ ਆਸ਼ੀਰਵਾਦ ਦੇਣ ਦੀ ਖੁਸ਼ੀ ਹਾਸਲ ਕਰ ਰਿਹਾ ਹਾਂ।

ਮਿਤੀ: 20.04.09

ਨਵਰਾਹੀ ਘੁਗਿਆਣਵੀ
ਨਹਿਰ ਨਜ਼ਾਰਾ,
ਨਵਾਂ ਹਰਿੰਦਰ ਨਗਰ
ਫਰੀਦਕੋਟ।
98150-02302

# ਆਪਣੀ ਕਲਮ ਤੋ

ਜਦ ਘਰ ਛੋਟੀ ਭੈਣ ਦਾ ਜਨਮ ਹੋਇਆ ਤਾਂ ਗਵਾਂਢਣ ਤਾਈ ਨੇ ਆ ਕੇ ਦਾਦੀ ਕੋਲ ਅਫਸੋਸ ਕੀਤਾ ਕਿ ਰੱਬ ਨੇ ਫਿਰ ਪੱਥਰ ਦੇ ਦਿੱਤਾ। ਭਾਵੇਂ ਘਰ ਵਿਚ ਕਿਸੇ ਕਿਸਮ ਦੀ ਕੋਈ ਕਮੀ ਨਹੀਂ ਸੀ, ਫਿਰ ਵੀ ਦਾਦੀ ਰੋ ਪਈ, ਪਰ ਪਾਪਾ ਨੇ ਤਾਈ ਅਤੇ ਦਾਦੀ ਦੀ ਇਸ ਗੱਲ ਦਾ ਬੁਰਾ ਮਨਾਇਆ ਸੀ। ਦਾਦੀ ਦੀ ਰੀਸ ਨਾਲ ਰੋਈ ਤਾਂ ਮੈਂ ਵੀ ਸੀ ਪਰ 'ਪੱਥਰ' ਸ਼ਬਦ ਨੇ ਮੇਰੇ ਅੰਦਰ ਇਕ ਬਗਾਵਤ ਪੈਦਾ ਕਰ ਦਿੱਤੀ ਸੀ। ਉਸੇ ਬਗਾਵਤ ਨੇ ਉਦੋਂ ਕੁਝ ਸ਼ਬਦ ਲਿਖਵਾਏ ਜੋ ਸ਼ਾਇਦ ਕਵਿਤਾ ਹੋਣ......ਮੈਨੂੰ ਨਹੀਂ ਪਤਾ। ਪਰ ਮਾਂ ਹੁਣ ਵੀ ਦੱਸਦੀ ਐ ਕਿ ਨਿੱਕੇ ਹੁੰਦਿਆਂ ਵੀ ਤੇਰੀਆਂ ਕਿਤਾਬਾਂ ਅਤੇ ਕਾਪੀਆਂ ਤੇ ਕੁਝ ਨਾ ਕੁਝ ਅਜੀਬ ਜਿਹੀਆਂ ਗੱਲਾਂ ਲਿਖੀਆਂ ਹੁੰਦੀਆਂ ਸੀ ਜੋ ਕਈ ਵਾਰ ਮੈਨੂੰ ਵੀ ਸਮਝ ਨਹੀਂ ਸੀ ਆਉਂਦੀਆਂ।

ਮਾਂ ਜਾਂ ਪਾਪਾ ਨੇ ਕਦੀ ਲਿਖਣ ਤੋਂ ਨਹੀਂ ਸੀ ਰੋਕਿਆ। ਵਿਆਹ ਪਿਛੋਂ ਸਹੁਰੇ ਪਰਿਵਾਰ ਦੇ ਕਿਸੇ ਵੀ ਜੀਅ ਨੇ ਮੇਰੇ ਲਿਖਣ ਤੇ ਕਦੀ ਇਤਰਾਜ਼ ਨਾ ਜਤਾਇਆ। ਅਮਨਪ੍ਰੀਤ ਜੀ (ਮੇਰੇ ਹਮਸਫ਼ਰ) ਨੇ ਵੀ ਮੇਰੀ ਇਸ ਪਲੇਠੀ ਧੀ ਕਵਿਤਾ ਨਾਲ ਕਦੀ ਵਿਤਕਰਾ ਨਹੀਂ ਕੀਤਾ। ਬੇਟੀ ਨੂਰ ਅਤੇ ਬੇਟੇ ਬੌਬਿਨ ਦੇ ਆਉਣ ਨਾਲ ਮੇਰੀ ਇਹ ਪਲੇਠੀ ਧੀ ਮੇਰੀ ਕਲਮ ਤੋਂ ਕੁਝ ਸਮੇਂ ਲਈ ਦੂਰ ਤਾਂ ਜਰੂਰ ਹੋ ਗਈ ਸੀ ਪਰ ਦਿਲ ਤੋਂ ਦੂਰ ਕਦੇ ਨਾ ਹੋਈ। ਹਮੇਸ਼ਾ ਤਾਂਘ ਰਹਿੰਦੀ ਸੀ ਫੁਰਸਤ ਮਿਲੇ ਤਾਂ ਕੁਝ ਲਿਖਾਂ।

ਅੱਖਰਾਂ 'ਚੋਂ ਝਲਕਦੀ ਪੀੜ ਕਈ ਵਾਰ ਨਿੱਜੀ ਹੁੰਦੀ ਹੈ ਅਤੇ ਕਈ ਵਾਰ ਸੱਤ ਬਿਗਾਨਿਆਂ ਦੇ ਪਿੰਡੇ ਤੇ ਹੋਏ ਜ਼ਖ਼ਮ ਦਾ ਦਰਦ ਵੀ ਲੇਖਕ ਮਨ ਆਪਣੀ ਰੂਹ ਤੇ ਮਹਿਸੂਸ ਕਰਦਾ ਹੈ। 'ਪੱਥਰ' ਸ਼ਬਦ ਲਈ ਪੈਦਾ ਹੋਈ ਨੰਨ੍ਹੀ ਬਗਾਵਤ ਹੌਲੀ-ਹੌਲੀ ਮੁਟਿਆਰ ਹੋ ਕੇ 'ਛੇਕੜਲੇ ਸਾਹਾਂ ਦੀ ਅਰਜ਼' ਬਣ ਕੇ ਆਪ ਜੀ ਦੇ ਸਨਮੁੱਖ ਹੈ।

ਕਵਿਤਾ ਲਿਖਣ ਲਈ ਲਗਾਤਾਰ ਪ੍ਰੇਰਨਾ ਅਤੇ ਸਿੱਖਿਆ ਅੰਕਲ ਨਵਰਾਹੀ ਘੁਗਿਆਣਵੀ ਜੀ ਤੋਂ ਮਿਲਦੀ ਰਹੀ ਅਤੇ ਹੌਸਲਾ ਅਫ਼ਜਾਈ ਪਰਿਵਾਰ ਦੇ ਸਾਰੇ ਮੈਂਬਰਾਂ ਤੋਂ। ਮੇਰੀ ਧਰਮ ਭੈਣ ਸਰਬਜੀਤ ਮਾਂਗਟ ਨੇ ਮੈਨੂੰ ਉਤਸ਼ਾਹਿਤ ਕੀਤਾ ਕਿ ਸ਼ਬਦਾਂ ਨੂੰ ਕਿਤਾਬ ਦਾ ਰੂਪ ਦੇ ਦਿੱਤਾ ਜਾਵੇ। ਮੈਂ ਸ਼ਾਇਦ ਉੱਦਮ ਨਾ ਕਰ ਸਕਦੀ ਪਰ ਮੇਰੇ ਬੀ. ਐੱਡ. ਦੇ ਅਧਿਆਪਕ ਬਲਜੀਤ ਸਿੰਘ 'ਚੁੰਬਰ' ਨੇ ਮੇਰੇ ਸ਼ਬਦਾਂ ਨੂੰ ਕਿਤਾਬ ਦਾ ਰੂਪ ਦੇਣ ਦਾ ਬਹੁਤ ਵੱਡਾ ਹੀਲਾ ਕੀਤਾ ਹੈ।

ਮੈਂ ਧੰਨਵਾਦ ਕਰਦੀ ਹਾਂ ਉਹਨਾਂ ਸਭ ਦਾ ਜਿਹਨਾਂ ਮੈਨੂੰ ਐਨਾ ਯੋਗਦਾਨ ਦਿੱਤਾ। ਪਰਿਵਾਰ, ਰਿਸ਼ਤੇਦਾਰਾਂ, ਦੋਸਤਾਂ ਅਤੇ ਬੱਚਿਆਂ ਦਾ ਜਿੰਨਾ ਮੈਨੂੰ ਵੇਲੇ ਕੁਵੇਲੇ , ਨੇੜ੍ਹੇ-ਸਵੇਰੇ,

ਅੱਧੀ ਰਾਤੀ ਵੀ ਕਾਗਜ਼ਾਂ ਤੇ ਝਰੀਟਾਂ ਮਾਰਦੀ ਨੂੰ ਨਹੀਂ ਰੋਕਿਆ। ਨਾਲ ਹੀ ਸ਼ੁਕਰ ਹੈ ਉਸ ਮਾਲਕ ਦਾ ਜਿਸਦੀ ਮਿਹਰ ਸਦਕਾ ਇਹ ਕਾਰਜ ਸੁੱਤੇ ਸਿੱਧ ਹੀ ਨੇਪਰੇ ਚੜ੍ਹ ਗਿਆ। ਇਹ ਨਿੱਕੀ ਜਿਹੀ ਭੇਟ ਹੈ ਉਸਦੇ ਚਰਨਾਂ ਵਿਚ ਜਿਸਤੋਂ ਮੈਂ ਹਰ ਚੀਜ਼ ਇਕ ਬੱਚੇ ਦੀ ਤਰ੍ਹਾ ਮੰਗਦੀ ਹਾਂ।

ਗਗਨ ਬਰਾੜ

## ਛੇਕੜਲੇ ਸਾਹਾਂ ਦੀ ਅਰਜ਼

ਤੇਰੀ ਯਾਦ ਦਾ ਦੀਵਾ
ਮਨ ਦੀ ਮਟੀ ਤੇ
ਸਾਰੀ ਉਮਰ ਬਾਲੀ ਰੱਖਿਆ
ਤੇਰਿਆਂ ਚਰਨਾਂ ਦੀ ਧੂੜ
ਮੱਥੇ ਤੇ ਲਾਉਂਦੀ ਰਹੀ
ਤੇਰੇ ਪੈਰ ਧੋ ਪੀਂਦੀ ਰਹੀ
ਸੁਪਨੇ ਵਿਚ ਤੂੰ ਜਦ ਵੀ ਆਇਉਂ।
ਅਤੇ ਬੱਸ ਹੁਣ.......
ਛੇਕੜਲੇ ਸਾਹਾਂ ਦੀ ਤੈਨੂੰ ਅਰਜ ਹੈ
ਸਵਾਸ ਨਿਕਲਣ ਤੋਂ
ਜ਼ਰਾ ਕੁ ਪਹਿਲਾਂ ਆ ਜਾਵੀਂ
ਆ ਕੇ ਪਾਣੀ ਦੀ ਘੁੱਟ ਆਖਰੀ
ਮੇਰੇ ਮੂੰਹ ਲਾਵੀਂ
ਤੇ ਨੈਣਾਂ ਦੇ ਜੋ ਖੁੱਲ੍ਹੇ ਬੂਹੇ
ਤੇਰੇ ਦੀਦਾਰ ਵਾਸਤੇ
ਆਪਣਾ ਹੱਥ ਧਰ ਕੇ
ਬੰਦ ਕਰ ਜਾਵੀਂ।
ਛੇਕੜਲੇ ਸਾਹਾਂ ਦੀ ਤੈਨੂੰ ਅਰਜ਼ ਹੈ
ਸਵਾਸ ਨਿਕਲਣ ਤੋਂ ਜ਼ਰਾ ਕੁ
ਪਹਿਲਾਂ ਆ ਜਾਵੀਂ.....।

➢➢➢

# ਤੂੰ ਆਵੀਂ

ਤੂੰ ਆਵੀਂ .......
ਮੈਨੂੰ ਮਿਲਣ......
ਤੇ ਆਪਣੇ ਚੇਤਿਆਂ ਦੀ ਪਟਾਰੀ 'ਚੋਂ
ਕੁਝ ਬੋਲ ਸੁਣਾਵੀਂ
ਮੇਰਾ ਸਿਰ ਜੋ ......
ਵਰ੍ਹਿਆਂ ਤੋਂ ਤੇਰੀਆਂ
ਪੈੜਾਂ ਤੇ ਟਿਕਿਆ ਹੋਇਐ
ਚੁੱਕ ਕੇ ਸੀਨੇ ਨਾਲ ਲਾਵੀਂ....
ਤੇ ਮੇਰੇ ਚੇਤਿਆਂ 'ਚ ਕੁਝ ਬੋਲ
ਜੋ ਤੇਰੀ ਯਾਦ ਦੇ ਬਾਕੀ ਨੇ
ਆਪਣੇ ਨਾਲ ਵਾਪਸ ਲੈ ਜਾਵੀਂ
ਉਮਰ ਦੇ ਆਖਰੀ
ਪੜਾਅ 'ਚ ਹੀ ਸਹੀ
ਤੂੰ ਇਕ ਵਾਰ ਜ਼ਰੂਰ ਆਵੀਂ
ਤੇ ਫਿਰ ਭਾਵੇਂ
ਕਦੇ ਨਾ ਆਵੀਂ.....।

➢➢➢

## ਹੋਣੀ

ਤੂੰ ਜਦ ਆਈ ਸੈਂ
ਕਾਹਲੇ ਕਦਮੀਂ
ਤੈਂ ਹੁਕਮ ਕੀਤਾ
ਉੱਠ, ਸਾਹਾਂ ਦੀ ਗਠੜੀ ਬੰਨ੍ਹ
ਤੇ ਤੇਰੇ ਹੁਕਮ ਦਾ
ਪਾਲਣ ਕੀਤਾ....
ਮੈਂ ਇਕ ਆਗਿਆਕਾਰ ਬੱਚੇ ਵਾਂਗ।
ਇਕ ਵਾਰੀ ਨਾ ਸਰਿਆ
ਪਰ ਤੇਰੇ ਮੂੰਹੋਂ
ਕਿ ਕਰਮਾ ਮਾਰੀਏ!
ਕੁੱਖੋਂ ਜਣਿਆਂ ਦਾ
ਮੱਥਾ ਤਾਂ ਚੁੰਮ ਲੈ.....
ਤੇ ਨਾ ਹੀ ਤੈਨੂੰ ਸਾਰ ਸੀ
ਇਕ ਮਾਂ ਦੇ
ਕਾਲਜੇ 'ਚ ਪੈਂਦੀ ਧੂਹ ਦੀ
ਤੂੰ ਤਾਂ ਜ਼ਰੂਰ ਹੀ
ਪਿਛਲੇ ਜਨਮ 'ਚ
ਕਿਸੇ ਦੀ ਮਤੇਰ ਮਾਂ ਰਹੀ ਹੋਵੇਂਗੀ....।

➢➢➢

## ਇਕ ਮੁਲਾਕਾਤ

ਯਾਦਾਂ ਦੇ ਬੁੱਢੇ ਰੁੱਖ ਦੀ ਛਾਵੇਂ
ਤੂੰ ਤੇ ਮੈਂ ਜਦੋਂ ਸਾਂ ਮਿਲੇ
ਉਮਰ ਦੀ ਕਿਤਾਬ 'ਚੋਂ
ਕੁਝ ਵਰ੍ਹੇ ਫਰੋਲੇ
ਕੁਝ ਹੰਝੂ ਕੋਇਆਂ 'ਚੋਂ ਝਾੜੇ
ਕੁਝ ਪੀੜਾਂ ਸਾਲੂ ਦੀ
ਕੰਨੀ ਖੋਲ੍ਹ ਕੇ
ਇਕ ਦੂਜੇ ਦੀ ਝੋਲੀ ਵਿਚ ਉੱਲਦੀਆਂ
ਇਕ ਮਰ ਚੁੱਕੇ ਸੁਪਨੇ ਨੂੰ
ਮਿੱਟੀ ਦੱਬਿਆ....
ਵਾਅਦਿਆਂ ਦੀ ਇਕ ਮੁੱਠੀ
ਤੈਂ ਮੇਰੀ ਚੁੰਨੀ ਦੀ
ਇਕ ਗੁੱਠੇ ਬੰਨ੍ਹ ਦਿੱਤੀ
ਤੇ ਚੁੰਨੀ ਨਾਲੋਂ
ਇਕ ਕਾਤਰ ਪਾੜ ਕੇ
ਲੱਪ ਕੁ ਵਾਅਦੇ
ਮੈਂ ਵੀ ਵਿਚ ਵਲੇਟ ਕੇ
ਕੁਝ ਆਸਾ ਪਾਸਾ ਦੇਖ ਕੇ
ਤੇਰੀ ਤਲੀ 'ਤੇ
ਧਰ ਦਿੱਤੇ.....
ਯਾਦਾਂ ਦੇ ਬੁੱਢੇ ਰੁੱਖ ਦੀ ਛਾਵੇਂ
ਤੂੰ ਤੇ ਮੈਂ ਜਦੋਂ ਸਾਂ ਮਿਲੇ.....।

➢➢➢

## ਸੁਪਨਾ

ਇਕ ਸੁਪਨਾ ਬਾਲ ਵਾਂਗਰਾਂ
ਯਾਦਾਂ ਦੇ ਪੰਘੂੜੇ ਦੇ ਵਿਚ ਵਿਲਕਦਾ
ਮਾਂ ਨਾ ਪਰ ਉਮਰ ਦੇ
ਝੰਜਾਲਾਂ ਵਿਚੋਂ ਨਿਕਲ ਕੇ
ਪੀਂਘੇ ਨੂੰ ਹਲੂਣਾ ਦੇਵੇ
ਨਾ ਹੀ ਕਿਤੇ ਉਸ ਬਾਲ ਵਿਲਕਦੇ ਨੂੰ
ਆਪਣੀਆਂ ਛਾਤੀਆਂ ਦੇ ਨਾਲ ਲਾਵੇ
ਕੌਣ ਕਹਿੰਦੇ....
ਜੀਅ ਨਾ ਕਰਦਾ ਮਾਂ ਦਾ
ਗਵਾਹ ਹੈ ਉਸਦੇ ਦੁੱਧਾਂ 'ਚ
ਪੈਂਦਾ ਸਲ੍ਹਾਟ ਜਿਹਾ
ਬਾਲ ਵਿਚਾਰਾ ਵਿਲਕ-ਵਿਲਕ
ਥੱਕ ਹਾਰ ਜਦ ਸੌਂ ਗਿਆ
ਮਾਂ ਨੇ ਵੀ ਸੁੱਖਦਾ
ਸਾਹ ਲਿਆ
ਅੱਖਾਂ ਦੇ ਕੋਇਆਂ ਨੂੰ ਪੂੰਝਿਆ
ਸਿਰ ਉਤਲੇ ਮੈਲੇ ਕੁਚੈਲੇ ਲੀੜੇ ਨਾਲ
ਅਤੇ ਇਕ ਲੰਮਾ ਹਉਕਾ
ਇਕ ਵਿਰਾਗ ਦਾ
ਲਾਲ ਮੇਰਾ... ਭੁੱਖਾ ਕਾਹਤੋਂ ਸੌਂ ਗਿਆ
ਇਕ ਸੁਪਨਾ ਬਾਲ ਵਾਂਗਰਾਂ
ਯਾਦਾਂ ਦੇ ਪੰਘੂੜੇ ਦੇ ਵਿਚ ਵਿਲਕਦਾ.....।

➢➢➢

## ਚੁੰਮਣ

ਕਈ ਵਰ੍ਹੇ ਪਹਿਲਾਂ
ਤੈਂ ਆਪਣੇ ਬੁੱਲ੍ਹ
ਮੇਰੇ ਬੁੱਲ੍ਹਾਂ ਤੇ ਰੱਖੇ
ਅਤੇ ਲੋਕਾਂ ਇਸਨੂੰ ਨਾਮ ਦਿੱਤਾ
'ਹਵਸ ਦਾ ਚੁੰਮਣ'
ਤੇਰੇ ਇਸ ਚੁੰਮਣ ਸਦਕਾ
ਮੇਰੀ ਕੁੱਖ ਵਿਚ
ਇਕ ਬੀਜ ਟਿਕਿਆ
ਅਤੇ ਮੈਂ ਪੁੱਤ ਵਾਲੀ ਬਣੀ
ਤੈਂ ਇਕ ਚੁੰਮਣ ਅਸ਼ੀਰਵਾਦ ਦਾ
ਮੇਰੇ ਮੱਥੇ ਤੇ ਧਰਿਆ
ਤੇ ਫਿਰ ਆਪਣੇ ਪੁੱਤ ਦੇ ਮੱਥੇ ਤੇ
ਲੋਕਾਂ ਮੈਨੂੰ ਭਾਗਾਂ ਵਾਲੀ ਕਿਹਾ
ਫਿਰ ਮੈਂ ਕੀਕਣ ਕਹਾਂ...?
ਕਿ ਤੇਰਾ ਉਹ ਚੁੰਮਣ
ਤੇਰੀ ਹਵਸ ਦਾ ਪ੍ਰਗਟਾਵਾ ਸੀ....?

➢➢➢

## ਜੰਮਣ ਪੀੜ

ਧਰਤ ਦੀ ਹਿੱਕ ਵਿਲਕਦੀ
ਸੂਰਜ ਦੇ ਮੇਲ ਨੂੰ
ਸੂਰਜ ਨੇ ਬੱਦਲ ਦੀ
ਇਕ ਕਾਤਰ ਪਾੜ ਕੇ
ਮੋਹ ਦੀਆਂ ਕੁਝ ਕਿਰਨਾਂ
ਧਰਤੀ ਉੱਤੇ ਸੁੱਟੀਆਂ
ਧਰਤ ਦੀ ਕੁੱਖ ਹਰੀ ਹੋਈ
ਧਰਤ ਨੂੰ ਪੀੜ ਉੱਠੀ
ਤੇ ਗਰਭ ਵਿਚੋਂ ਫਿਰ ਇਕ
ਨੰਨ੍ਹੀ ਧਰਤ ਫੁੱਟੀ
ਸਾਰੇ ਅੰਬਰ ਦੇ ਮੱਥੇ ਤੇ
ਇਕ ਤਿਊੜੀ ਉੱਠੀ
ਕਰਮਾਂ ਮਾਰੀਏ!
ਤੈਂ ਸੂਰਜ ਕਿਉਂ ਨਾ ਜੰਮਿਆ...?
ਧਰਤ ਨੇ ਫਿਰ ਇਕ ਪੀੜ ਝੱਲੀ
ਜੰਮਣ ਪੀੜ ਤੋਂ ਵੀ ਵੱਧ
ਨੰਨ੍ਹੀ ਧਰਤ ਰੋਈ
ਕਿਉਂ ਜੰਮਣਾ ਸੀ....?
ਜੇ ਮਾਂ ਨੇ ਮੇਰੀ ਜੰਮਣ ਪੀੜ
ਸਾਰੀ ਉਮਰ ਹੀ ਝੱਲਣੀ ਸੀ....।

➢➢➢

## ਚੋਭਾਂ

ਕੁਝ ਚੋਭਾਂ ਮੈਨੂੰ ਉਹਨੇ ਲਾਈਆਂ
ਜੀਹਨੂੰ ਬਾਬਲ ਕਹਿੰਦੀ ਸੀ
ਕੁਝ ਚੋਭਾਂ ਉਹਨੇ ਵੀ ਲਾਈਆਂ
ਜੀਹਨੂੰ ਗੋਦੀ ਚੁੱਕ ਖਿਡਾਇਆ
ਕੁਝ ਚੋਭਾਂ ਮੇਰੇ ਸਿਰ ਦੇ ਸਾਈਂ
ਛਮਕਾਂ ਵਾਂਗਰ ਮਾਰੀਆਂ
ਚੋਭਾਂ ਦੇ ਕੁਝ ਖੰਜਰ
ਮੇਰੇ ਕੁੱਖੋਂ ਜਾਏ ਨੇ ਵੀ ਮਾਰੇ
ਤੇਰੇ ਤੋਂ ਵੀ ਚੋਭਾਂ ਈ ਸਰੀਆਂ
ਚੋਭਾਂ ਵਿੰਨ੍ਹਿਆਂ ਸਿਰ....
ਜਦ ਤੇਰੀ ਗੋਦ 'ਚ ਧਰਿਆ
ਫਿਰ ਕੀਕਣ ਕਹਿਨੈ....
ਦਿਲ ਦਾ ਦੁਖੜਾ
ਮੈਨੂੰ ਖੋਲ੍ਹ ਸੁਣਾਇਆ ਕਰ....?

➢➢➢

## ਅੰਬਰ

ਛਾਤੀ ਤੇ ਅੰਗਿਆਰਾ ਧਰ ਕੇ
ਘਰ ਘਰ ਦੇ ਵਿਚ
ਲੋਅ ਪਿਆ ਵੰਡੇ
ਜੁਗਨੂੰ ਕਈ ਖਿਡਾਵੇ ਰਾਤੀਂ
ਗੋਦੀ ਦੇ ਵਿਚ ਲੈ ਕੇ
ਤੇ ਇਕ ਤੂੰਟ ਦਹੀਂ ਦਾ ਵੀ
ਫਿਰਦਾ ਤਲੀ ਟਿਕਾਈ
ਕਦੇ ਨਾ ਅੱਕੇ,
ਨਾ ਇਹ ਥੱਕੇ
ਧੰਨ ਅੰਬਰ ਦਾ ਜਿਗਰਾ....।

➢➢➢

## ਜ਼ਖਮ

ਦਿਲ ਵਿਚ ਫੋੜਾ ਫਿੱਸਿਆ
ਅੱਜ ਫੇਰ ਤੇਰੀ ਯਾਦ ਦਾ
ਤੇ ਟਸ-ਟਸ ਕਰਦੇ ਜ਼ਖਮਾਂ 'ਚੋਂ
ਕੁਝ ਚੀਸਾਂ ਉੱਠੀਆਂ
ਸ਼ੁਕਰ ਕੀਤਾ ਸੀ ਜੋ
ਆਠਰਿਆ ਸੀ ਭੋਰਾ
ਵਰ੍ਹੇ ਪਹਿਲਾਂ ਇਕ ਬੋਟੀ ਤੂੰ ਜੋ
ਕਾਲਜੇ 'ਚੋਂ ਕੱਢੀ ਸੀ
ਅੱਜ ਫੇਰ ਤੈਨੂੰ ਵੇਖਿਆ
ਉਹ ਜ਼ਖਮ ਅੱਲ੍ਹਾ ਹੋ ਗਿਆ

➢➢➢

## ਸੀਨੇ ਦੀ ਲਾਟ

ਕਿਵੇਂ ਨੰਗੀ ਕਰ ਦਿਆਂ
ਤੇਰੇ ਸਾਹਮਣੇ
ਸੀਨੇ 'ਚ ਮਚਦੀ ਲਾਟ ਨੂੰ
ਕਰਮਾ ਵਾਲਿਆ!
ਇਹ ਲਾਟ ਤਾਂ
ਸੂਰਜ ਦਾ ਜਿਸਮ
ਸਾੜਨ ਦੀ ਸਮਰੱਥਾ ਰੱਖਦੀ ਏ
ਤੇ ਫਿਰ ਤੂੰ ਤਾਂ
ਹੱਡ ਮਾਸ ਦਾ ਇਕ ਪੁਤਲਾ ਏਂ....।

➢➢➢

## ਦੀਵਾ

ਮਿੱਟੀ ਦੀ ਮੈਂ ਕੁੱਖ 'ਚ ਨਿੰਮਿਆ
ਮਿੱਟੀ ਮੇਰੀ ਜਾਈ
ਜੰਮਦੇ ਸਾਰ ਹੀ ਮਾਂ ਮੇਰੀ ਨੇ
ਚਾਨਣ ਗੁੜਤੀ ਘੋਲ ਪਿਲਾਈ
ਨੇਰ੍ਹ 'ਚ ਨਿੰਮਿਆ, ਨੇਰ੍ਹ 'ਚ ਜੰਮਿਆ
ਫਿਰਦਾ ਰਹਿੰਨਾ ਚਾਨਣ ਨੂੰ ਪਰ
ਮੈਂ ਮਸਤਕ ਤੇ ਚਾਈ,
ਰੱਬ ਨੇ ਭੇਜੀ ਨਾਰ ਸੁਨੱਖੀ
ਹੱਥ ਵਿਚ ਥਾਲੀ ਦੇ ਕੇ,
ਥਾਲੀ ਵਿਚ ਉਹ ਮੇਰੇ ਵਰਗੇ
ਫਿਰਦੀ ਕਈ ਟਿਕਾਈ
ਉਹ ਕੀ ਜਾਣੇ ਦਰਦ ਅਸਾਡਾ
ਕਿੰਨਾ ਔਖਾ ਹਮਦਮ ਫਿਰਨਾ
ਸੀਨੇ ਦੇ ਵਿਚ ਅੱਗ ਮਚਾਈ
ਉਹ ਤਾਂ ਤਿੜ ਤਿੜ ਦੱਸੇ ਸਭ ਨੂੰ
ਕੋਠੇ ਉੱਤੇ ਦੀਵਿਆਂ ਦੀ
ਮੈਂ ਇਕ ਲੜੀ ਲਗਾਈ
ਮਾਂ ਮੇਰੀ ਨੇ ਪਤੇ ਦੀ ਇਕ
ਮੈਨੂੰ ਗੱਲ ਸਮਝਾਈ
ਤੇਰੀ ਕਿਸਮਤ ਦੇ ਵਿਚ ਨੇਰ੍ਹਾ
ਮੇਰੀ ਕੁੱਖ ਦਿਆ ਜਾਇਆ
ਮਰ ਕੇ ਪਰ ਚਾਨਣ ਵੰਡਣੈ
ਤੈਂ ਲੋਕਾਂ ਦੇ ਤਾਈਂ....।

➢➢➢

## ਰੱਬ ਵਰਗਾ ਮੁਹਾਂਦਰਾ

ਬੱਦਲਾਂ ਵਿਚ ਕੁਝ ਪੈੜਾਂ
ਨੰਗੇ ਪੈਰਾਂ ਦੀਆਂ
ਅਤੇ ਮੈਂ ਉਹਨਾ ਦਾ ਪਿੱਛਾ ਕਰਦੀ ਰਹੀ
ਚੁਰਾਸੀ ਲੱਖ ਜੂਨਾਂ ਤੋਂ
ਇਕ ਦਿਨ ਲੱਭ ਹੀ ਲਿਆ
ਉਹ ਨੰਗੇ ਪੈਰਾਂ ਵਾਲਾ ਮਨੁੱਖ
ਟੁੱਟੀ ਡੰਡੀ ਵਾਲੀ ਐਨਕ
ਧਾਗੇ ਨਾਲ ਬੰਨ੍ਹ ਕੇ
ਸਿਰ ਵਿਚਲੇ ਰਹਿੰਦੇ ਖੂੰਹਦੇ
ਦੋ ਚਾਰ ਵਾਲਾਂ ਵਿਚ ਅੜਕਾਈ ਹੋਈ
ਐਨਕਾਂ ਦੇ ਉੱਪਰ ਦੀ ਝਾਕਦਾ ਹੋਇਆ
ਕਾਗਜ਼ਾਂ ਦੇ ਢੇਰ ਵਿਚ ਗੁਆਚਿਆ ਬੈਠਾ ਬੁੱਢਾ
ਮੈਨੂੰ ਵੇਖ ਕੇ ਖਚਰਾ ਜਿਹਾ ਹੱਸਿਆ
ਮੈਂ ਕਿਹਾ.... ਤੂੰ ਕੌਣ? ਇਹ ਕੀ ਕਰਦੈਂ?
ਕਹਿੰਦਾ- ਤੇਰੇ ਵਰਗਿਆਂ ਦਾ ਹਿਸਾਬ
ਤੇ ਤੂੰ ਕਿਉਂ ਆਈ ਏਂ
ਮੈਂ ਕਿਹਾ- ਰੱਬ ਨੂੰ ਮਿਲਣੈ
ਕਹਿੰਦਾ- ਇਕ ਗੇੜਾ ਹੋਰ ਕੱਢ
ਮੈਂ ਭੱਜ ਕੇ ਉਸਦੀ ਝੁੱਗੀ ਦਾ
ਗੇੜਾ ਕੱਢ ਮਾਰਿਆ
ਕਹਿੰਦਾ- ਕਮਲੀਏ! ਚੁਰਾਸੀ ਦਾ ਗੇੜਾ
ਮੈਂ ਕਿਹਾ - ਤੂੰ ਤਾਂ ਤਰੀਕ ਲੰਮੀ ਪਾ ਦਿੱਤੀ
ਤੂੰ ਤਾਂ ਮਰ ਜਾਵੇਗਾ ਉਦੋਂ ਤੱਕ
ਕਹਿੰਦਾ- ਮੈਂ ਨਹੀਂ ਮਰਦਾ, ਜਮਾਂਦਰੂ ਈ ਐਸਾ ਹਾਂ
ਮੈਂ ਪੁੱਛਿਆ - ਤੂੰ ਰੱਬ ਏਂ, ਜਾਂ ਰੱਬ ਦਾ ਮੁਨੀਮ?

ਮੈਂ ਸੌ ਦਾ ਨੋਟ ਉਸਦੀ ਮੁੱਠੀ 'ਚ ਦਿੱਤਾ
ਤੇ ਕਿਹਾ- ਚੱਪਲਾਂ ਲੈ ਲਵੀਂ ਤੇ ਐਨਕ ਵੀ
ਕਹਿੰਦਾ- ਮੈਂ ਰੱਬ ਦਾ ਮੁਨੀਮ ਨਹੀਂ
ਤੇ ਬੱਸ ਹੁਣ ਤੂੰ ਜਾ
ਸੌ ਦਾ ਨੋਟ ਮੇਰੇ ਮੂਹਰੇ ਚਲਾ ਮਾਰਿਆ
ਮੈਂ ਕਿਹਾ - ਤੇਰਾ ਮੁਹਾਂਦਰਾ ਤਾਂ ਮੈਨੂੰ
ਰੱਬ ਵਰਗਾ ਈ ਲੱਗਦੈ, ਗਰੀਬੜਾ ਜਿਹਾ
ਅਤੇ ਤੇਰੇ ਦੁਬਾਰਾ ਦਰਸ਼ਨ ਲਈ
ਮੈਂ ਇਕ ਤਾਂ ਕੀ
ਸੌ ਗੇੜੇ ਵੀ ਚੁਰਾਸੀ ਦੇ ਕੱਢ ਲਵਾਂ....।

➢➢➢

## ਰਾਤ ਦੇ ਲੇਖ

ਚੰਨ ਨਾਲੋਂ ਇਕ ਟਾਕੀ ਪਾੜ ਕੇ
ਦੁੱਧ ਰੰਗਾ ਇਕ ਝੱਗਾ
ਸਿਉਂ ਕੇ ਵੀ ਤੇਰੇ ਗਲ ਪਾਇਆ,
ਚਾਨਣੀ ਦੇ ਬੁੱਕ ਭਰ-ਭਰ
ਤੈਨੂੰ ਮਲ-ਮਲ ਨੁਹਾਇਆ,
ਪੀਰਾਂ ਫਕੀਰਾਂ ਦੇ ਪੈਰ ਧੋ-ਧੋ
ਤੈਨੂੰ ਚੂਲੀਆਂ ਭਰ-ਭਰ ਪਿਲਾਈਆਂ,
ਚੁਰਾਹੇ ਦੀ ਮਿੱਟੀ ਚੁੱਕ ਕੇ
ਤੇਰੇ ਸਿਰ ਉਤੋਂ ਵੀ ਵਾਰੀ,
ਦੁਆਵਾਂ ਦੇ ਕੁਝ ਛਿੱਟੇ
ਤੇਰੇ ਮੱਥੇ ਉਤੇ ਮਾਰੇ
ਪਰ ਨਾ ਹੀ ਮੈਂ ਧੋ ਸਕੀ
ਤੇਰੇ ਮੂੰਹ ਤੇ ਛਾਈ ਕਾਲਖ ਨੂੰ
ਤੇ ਨਾ ਹੀ ਮਿਟਾ ਸਕੀ
ਤੇਰੇ ਕਰਮਾਂ ’ਚ ਉਕਰੇ
ਦੁੱਖਾਂ ਦੇ ਹਨੇਰ ਨੂੰ....।

➢➢➢

## ਜੋਗੀ

ਕਾਹਤੋਂ ਅੱਗ ਲਪੇਟ ਪਿੰਡੇ ਤੇ
ਜੋਗੀ ਭੇਸ ਵਟਾਇਐ,
ਕਾਹਤੋਂ ਰੱਸੀਆਂ ਵੱਟੀ ਫਿਰਦੈ
ਸੋਹਣੇ ਵਾਲ ਸੁਆਹਾਂ ਮਲ-ਮਲ
ਕਾਸਾ ਫੜ ਕੇ ਦਰ-ਦਰ ਮੰਗਦੈਂ
ਕੈਸਾ ਝੂਠਾ ਸਾਂਗ ਰਚਾਇਐ
ਮਨ ਵਿਚ ਕੂੜ, ਕਪਟ ਤੇ ਜ਼ਹਿਰਾਂ
ਲੋਕਾਂ ਨੂੰ ਉਪਦੇਸ਼ ਕਰੇਂਦਾ,
ਕੀ ਤੇਰਾ ਰੱਬ ਰੁੱਸ ਗਿਆ ਤੈਥੋਂ
ਜਾਂ ਫਿਰ ਹੀਰ ਮਨਾਵਣ ਚੱਲਿਆ,
ਜਾਂ ਫਿਰ ਇਸ਼ਕ 'ਚ ਹਾਰਿਆ ਟੁੱਟਿਆ
ਜਿਸਦਾ ਆਖਰੀ ਚਾਰਾ 'ਰੱਬ'
ਜੇ ਐਕਣ ਰੱਬ ਮਿਲਦਾ ਹੁੰਦਾ
ਜਾਂ ਫਿਰ ਰੁੱਸਿਆ ਘਰ ਮੁੜ ਆਉਂਦਾ,
ਮੈਂ ਵੀ ਕਦ ਦੀ ਜੋਗਣ ਬਣ ਕੇ
ਖੋਲ੍ਹ ਜਟਾਵਾਂ ਜੰਗਲੀਂ ਫਿਰਦੀ,
ਪਰਤ ਘਰਾਂ ਨੂੰ, ਮੰਨ ਜਾਂ ਮੇਰੀ
ਰੱਬ ਤੇ ਯਾਰ 'ਚ ਫਰਕ ਕੋਈ ਨਾ
ਮਨ ਮੰਦਰ ਵਿਚ ਮੂਰਤ ਉਸਦੀ
ਸਾਹਾਂ ਵਿਚ ਵਸਾ ਲੈ
ਰੱਖਦੇ ਸਿਰ ਉਸਦੇ ਕਦਮਾਂ ਤੇ
ਆਪੇ ਗਲ ਨਾਲ ਲਾਊ
ਲਾਹਦੇ ਅੱਗ ਰੰਗਾ ਇਹ ਬਾਣਾ
ਤੈਨੂੰ ਸਾੜ ਮੁਕਾਊ।

## ਵਫ਼ਾ

ਪਿਆਰ....
ਇਕ ਲਹਿਰ
ਜੋ ਮੇਰੇ ਮਨ ਤੋਂ ਚੱਲ ਕੇ
ਤੇਰੇ ਮਨ ਦੇ ਕਿਨਾਰੇ ਚੁੰਮ ਕੇ
ਵਾਪਸ ਮੁੜ ਜਾਵੇਗੀ।
ਜਿਵੇਂ ਕਿ ਤੈਨੂੰ ਪਤਾ ਏ
ਲਹਿਰ ਕਦੇ ਕਿਨਾਰੇ ਤੇ ਨਹੀਂ ਰੁਕਦੀ
ਉਸਨੇ ਤਾਂ ਸਾਗਰ ਨਾਲ
ਵਫ਼ਾ ਕਰਨੀ ਹੁੰਦੀ ਏ
ਤੇ ਕਿਨਾਰੇ ਦੀ ਨਿੱਘੀ ਗਲਵਕੜੀ ਛੱਡ
ਉਸਨੂੰ ਸਾਗਰ ਦੇ
ਸੀਨੇ ਨਾਲ ਲੱਗਣਾ ਈ ਪੈਂਦਾ ਏ....।

➢➢➢

## ਮੀਂਹ

ਸੂਰਜ ਦੀ ਅੱਖ ’ਚ ਉਤਰਦੈ
ਜਦ ਕਾਲਾ ਮੋਤੀਆ
ਅੰਬਰ ਦੇ ਸੀਨੇ ’ਚੋਂ
ਲਾਟਾਂ ਨਿਕਲਦੀਐਂ
ਬੱਦਲ ਜਦ ਹੌਂਕੇ ਲੈ
ਭੁੱਬਾਂ ਮਾਰਦੈ
ਤਾਂ ਕੁਝ ਐਸਾ ਹੋ ਜਾਂਦੈ
ਕਿ ਧਰਤੀ ਦੀ ਭਖਦੀ ਹਿੱਕ
ਠੰਢੀ ਠਾਰ ਹੋ ਜਾਂਦੀ ਹੈ....।

➢➢➢

## ਤੇਰੇ ਬੋਲ

ਧਰਤ ਦੇ ਪਿੰਡੇ ਤੇ ਜੀਕੂੰ
ਰੁੱਖ ਫਿਰਨ, ਮਨੁੱਖ ਫਿਰਨ
ਤੇ ਪਾਣੀ ਠਾਠਾਂ ਮਾਰਦਾ
ਅੰਬਰ ਦੇ ਜਿਸਮ ਤੇ ਜਿਉਂ
ਚੰਨ, ਸੂਰਜ, ਤਾਰੇ ਫਿਰਨ
ਪੋਲੇ-ਪੋਲੇ ਪੈਰ ਧਰਦੇ
ਮਨ ਦੇ ਸਮੁੰਦਰ ਦੇ ਵਿਚ
ਤੇਰੇ ਵੀ ਕੁਝ ਬੋਲ ਖੌਲਣ
ਤੇ ਕੁਝ ਯਾਦਾਂ ਸ਼ੋਰ ਮਚਾਉਂਦੀਆਂ....।

➢➢➢

## ਛਿਪਦਾ ਸੂਰਜ

ਤੇਰੀ ਹਿੱਕ ਤੋਂ ਸਰਕਦੈ
ਜਦ ਮੇਰਾ ਸਿਰ
ਤੇਰੇ ਕੁੱਖੋਂ ਜਾਏ ਵੀ
ਇਹੀ ਆਖ ਸੁਣਾਉਂਦੇ ਨੇ
ਨਹੀਂ ਦੇਖਣਾ ਚਾਹੀਦਾ ਕਦੇ
ਛਿਪਦੇ ਸੂਰਜ ਵੱਲ
ਦਿਲ ਈ ਪੁੱਛਿਆ ਜਾਣਦੈ
ਉਦੋਂ ਸੀਨੇ 'ਚ ਬਲਦੀ ਅੱਗ
ਕਿਵੇਂ ਠਾਰਦਾਂ ਮੈਂ
ਜਦ ਮੇਰੀ ਊਂਘਦੀ ਅੱਖ ਤੇ ਵੀ
ਤੋਹਮਤ ਲੱਗਦੀ ਏ
ਚੰਨੀਏ! ਤੂੰ ਕੀ ਜਾਣੇ
ਕਿੰਨੀ ਬੇਸਬਰੀ ਨਾਲ
ਅਗਲੀ ਸਵੇਰ ਨੂੰ ਉਡੀਕਦਾਂ ਮੈਂ
ਚਾਨਣ ਦਾ ਛੰਨਾ
ਫਿਰ ਡੋਲ੍ਹਣ ਲਈ
ਤੇ ਤੇਰੀ ਹਿੱਕ ਤੇ
ਦੁਬਾਰਾ ਸਿਰ ਰੱਖਣ ਲਈ ਵੀ....।

➢➢➢

## ਚਿਰਾਗ

ਤੂੰ ਰੋਜ਼ ਆਉਣੈ....
ਮੇਰੀ ਚਿਖਾ ਦੀ
ਸੁਆਹ ਗੁੰਨ੍ਹ ਕੇ
ਇਕ ਦੀਵਾ ਬਨਾਉਣੈ
ਬਾਲਦੈਂ.... ਸੀਨੇ 'ਚ ਮੱਚਦੀ
ਅੱਗ ਨਾਲ
ਮੈਂ ਪੁੱਛਦੀ ਹਾਂ
ਕੀ ਇਹ ਉਲਾਂਭਾ ਹੈ....?
ਜੋ ਤੂੰ ਲਾਹੁਣ ਆਉਣੈ
ਮਟੀ ਉਤੇ ਚਿਰਾਗ ਬਾਲਣ ਦਾ
ਜਾਂ ਫਿਰ ਮੇਰੀ ਮਿੱਟੀ ਨਾਲ
ਤੇਰੇ ਮੋਹ ਦਾ ਅਹਿਸਾਸ....?

➢➢➢

## ਰੁੱਖ

ਜਿੰਦਗੀ ਕਈ ਵਾਰ
ਅਰਥਾਂ ਦੇ ਅਨਰਥ
ਕਰ ਦਿੰਦੀ ਹੈ
ਅਕਸਰ ਦੁੱਖਾਂ ਦੇ ਤੂਫ਼ਾਨ
ਰੁੱਖਾਂ ਦਾ ਪੱਤਾ-ਪੱਤਾ
ਖਿਲਾਰ ਦਿੰਦੇ ਹਨ
ਅਤੇ ਧੰਨ ਨੇ ਉਹ ਰੁੱਖ
ਜਿਹੜੇ ਕਰਮਾਂ ਮਾਰੀਆਂ
ਰੂਹਾਂ ਨੂੰ ਛਾਂ ਦੇਣ ਲਈ
ਪਰਬਤ ਜਿੱਡਾ ਜਿਗਰਾ ਕਰਕੇ
ਫਿਰ ਖੜੇ ਹੋ ਜਾਂਦੇ ਨੇ....।

➢➢➢

## ਤੂੰ ਅਤੇ ਮੈਂ

ਤੂੰ ਗੈਰ ਹਾਜ਼ਰ ਵੀ ਹੈਂ
ਅਤੇ ਹਰ ਪਲ ਹਾਜ਼ਰ ਵੀ
ਮੇਰੀ ਕਲਮ ਦੇ ਬੁੱਲ੍ਹਾਂ ਤੇ
ਹਰ ਦਮ ਤੇਰਾ ਨਾਮ ਰਹਿੰਦੈ....
ਪਰ ਤੇਰੇ ਤੋਂ ਦੂਰ ਹੋ ਕੇ
ਇੰਝ ਕਿਉਂ ਲੱਗਦੈ....
ਜਿਵੇਂ ਤੇਰੇ 'ਚੋਂ
ਮਨਫੀ ਹੋ ਗਈ ਹਾਂ ਮੈਂ....।

➢➢➢

## ਪਰਿਕਰਮਾ

ਮੇਰੇ ਸਾਹਾਂ 'ਚ
ਮੇਰੀ ਧੜਕਣ 'ਚ
ਮੇਰੀ ਸੋਚ 'ਚ
ਤੇ ਮੇਰੀਆਂ ਅੱਖਾਂ 'ਚ
ਹਰ ਵਕਤ ਹੁੰਦੀ ਹੈ
ਤੇਰੀ ਯਾਦ ਅਤੇ
ਤੇਰੀ ਗਲਵਕੜੀ ਦੇ
ਨਿੱਘ ਦੀ ਪਰਿਕਰਮਾ.....।

➢➢➢

## ਮਮਤਾ ਦਾ ਨਿੱਘ

ਗੋਰੀ ਕੁੱਖ ਦੀ
ਵਿਲਕਦੀ ਆਂਦਰ
ਕਾਲੀ ਨੌਕਰਾਣੀ ਦੀਆਂ
ਛਾਤੀਆਂ ਨਾਲ ਲੱਗ
ਸ਼ਾਂਤ ਹੋ ਗਈ
ਇਹ ਦੁੱਧ ਦਾ ਲਾਲਚ ਸੀ....?
ਜਾਂ ਕਾਲੀ ਹਿੱਕ ਚੋਂ
ਵਗ ਰਿਹਾ
ਮਮਤਾ ਦਾ ਨਿੱਘ....?

➢➢➢

## ਮੌਨ ਵਰਤ

ਅੱਜ ਫਿਰ ਤੇਰੀ ਯਾਦ ਨੂੰ
ਅੱਥਰੂਆਂ ਦਾ ਅਰਘ ਦਿੱਤਾ
ਅਤੇ ਹੌਂਕਿਆਂ ਦੀ ਘੁੱਟ
ਭਰ ਕੇ, ਮਨ ਦਾ
ਮੌਨ ਵਰਤ ਤੋੜਿਆ।

➢➢➢

## ਚਾਨਣ ਦਾ ਅਰਘ

ਜਦ ਸੂਰਜ ਨਹੀਂ ਸੀ ਜੰਮਿਆ
ਹਨੇਰੇ ਦਾ ਪਾਸਾ ਕੌਣ ਥੱਲਦਾ ਸੀ?
ਕਾਲਖ ਨੂੰ ਚਾਨਣ ਦਾ ਅਰਘ
ਕੌਣ ਦਿੰਦਾ ਸੀ...?
ਚਿੱਟੀਆਂ ਰਿਸ਼ਮਾਂ ਦੀ ਘੁੱਟ
ਮੂੰਹ ਨੂੰ ਲਾ ਕੇ
ਕਾਲੀ ਬੋਲੀ ਰਾਤ ਦਾ
ਵਰਤ ਕੌਣ ਤੋੜਦਾ ਸੀ...?
ਤੇ ਜੇ ਸੂਰਜ ਮਰ ਗਿਆ
ਫਿਰ ਇਹ ਸਭ ਕੌਣ ਕਰੂ....?
ਤਾਂ ਰੱਬ ਬੋਲਿਆ....
ਕਮਲੀਏ।
ਸੂਰਜ ਤੇਰੇ ਵਰਗਾ ਨਹੀਂ
ਜੋ ਜੰਮੇਗਾ ਤੇ ਮਰ ਜਾਵੇਗਾ
ਉਹ ਤਾਂ ਮੇਰੇ ਵਰਗਾ ਹੈ
ਜੋ ਕਦੇ ਨਹੀਂ ਮਰੇਗਾ
ਤੇ ਉਨਾ ਹੀ ਪੁਰਾਣਾ
ਜਿੰਨਾ ਮੈਂ...।

➢➢➢

## ਸਿਰਨਾਵਾਂ

ਮੈਂ ਚਾਹੁੰਦੀ ਹਾਂ
ਮੈਂ ਗਵਾਚ ਜਾਵਾਂ
ਬੱਦਲਾਂ ਦੀ ਡਾਰ ਵਿਚ
ਅਤੇ ਫਿਰ ਮੈਨੂੰ
ਜਿਹੜੇ ਅੰਬਰ ਦਾ
ਸਿਰਨਾਵਾਂ ਮਿਲੇ
ਉਹ ਤੂੰ ਹੋਵੇਂ....।

➢➢➢

## ਮਹਿੰਦੀ

ਮੈਂ ਹੱਥਾਂ ਤੇ
ਮਹਿੰਦੀ ਨਾਲ ਕੁਝ
ਬੂਟੇ ਬਣਾਏ
ਰੰਗ ਚੜ੍ਹਨ ਤੋਂ ਪਹਿਲਾਂ ਹੀ
ਉਹ ਉਤਰ ਗਏ
ਫਿਰ ਆਪਣੇ ਹੱਥ
ਮਹਿੰਦੀ ਦੇ ਬੂਟੇ ਥੱਲੇ ਰੱਖੇ
ਪਰ ਮਹਿੰਦੀ ਦਾ ਕੋਈ ਪੱਤਾ
ਇਹਨਾਂ ਕਰਮਾਂ ਮਾਰੇ
ਹੱਥਾਂ ਤੇ ਨਾ ਡਿੱਗਿਆ।

➢➢➢

## ਕੌਣ ਦੁਖੜੇ ਜਾਣੇ

ਕੌਣ ਦਿਲ ਦੀਆਂ ਰਮਜ਼ਾਂ ਸਮਝੇ
ਕੌਣ ਦੁਖੜੇ ਜਾਣੇ...
ਕੌਣ ਪੂੰਝੇ ਅੱਥਰੂ
ਤੇ ਕੌਣ ਪੀੜਾਂ ਨੂੰ ਪਛਾਣੇ
ਤੇਰੇ ਨਾ ਤੋਂ ਬਿਨਾਂ
ਕੁਝ ਨਾ ਬੋਲਣ
ਹੋਂਠ ਗੂੰਗੇ ਇਹ ਨਿਮਾਣੇ
ਟੁੱਕ ਦੀ ਨਾ ਬੁਰਕੀ
ਮੇਰੇ ਗਲ 'ਚੋਂ ਥੱਲੇ ਉਤਰੇ
ਜਦ ਤੱਕ ਨਾ ਤੱਕਦੇ
ਤੈਨੂੰ ਨੈਣ ਇਹ ਮਰ ਜਾਣੇ
ਆ ਜਾ ਵੇ ਕਿਧਰੋਂ ਆਣ ਕੇ
ਤੂੰ ਸੀਨੇ ਦੇ ਨਾਲ ਲਾ ਲੈ
ਮੁੱਕ ਜਾਣ ਨਾ
ਤੇਰੇ ਆਉਣ ਤੋਂ ਪਹਿਲਾਂ
ਸੁਆਸ ਇਹ ਨਿਮਾਣੇ...।

➢➢➢

## ਪੈੜਾਂ

ਤੇਰੀਆਂ ਕੁੱਝ ਪੈੜਾਂ
ਮਨ ਦੀ ਸਰਦਲ ਤੇ
ਅੱਜ ਵੀ ਜਿਉਂ ਦੀਆਂ ਤਿਉਂ
ਸੌ ਵਾਰ ਪਾਣੀ ਡੋਲਿਆਂ
ਸੌ ਵਾਰ ਪੋਚਾ ਫੇਰਿਆਂ
ਟੱਸ ਤੋਂ ਨਾ ਮੱਸ ਹੋਵਣ
ਨਾ ਹੀ ਫਿੱਕੀਆਂ ਪੈਣ
ਨਾ ਹੀ ਕੋਈ ਵਾਅ ਵਰੋਲੇ
ਇਹਨਾਂ ਨੂੰ ਉਡਾਣ
ਇਹ ਤਾਂ ਐਕਣ ਖੁਣੀਆਂ
ਜੀਕੂੰ ਅੱਖਰ ਕੋਈ
ਮਸਤਕ ਦੇ ਵਿਚ
ਵਿਉਂ ਮਾਤਾ ਨੇ ਪਾਏ
ਸਾਰੀ ਉਮਰ ਹੰਢਾਉਣੇ ਪੈਣੇ
ਮਿਟਣੇ ਨਹੀਂ ਮਿਟਾਏ।

➢➢➢

## ਪੀੜਾਂ ਦਾ ਪਾਸਾ ਥੱਲ ਜਾ

ਹਨੇਰੇ ਦੀ ਕਾਲਖ ਚੁੱਕਦਿਆਂ
ਮੇਰੇ ਹੱਥ ਕਾਲੇ ਹੋ ਗਏ
ਤੈਨੂੰ ਲੱਭਦਿਆਂ ਲੱਭਦਿਆਂ
ਪੈਰਾਂ 'ਚ ਛਾਲੇ ਪੈ ਗਏ
ਤੱਤੀ ਰੇਤ ਤੇ ਤੇਰੀਆਂ
ਪੈੜਾਂ ਨੂੰ ਚੁੰਮਦੇ
ਹੋਂਠ ਮੇਰੇ ਸੜ ਗਏ
ਤੇਰੀਆਂ ਪਰਛਾਈਆਂ ਤੱਕ-ਤੱਕ
ਨੈਣਾਂ ਨੂੰ ਜੰਦਰੇ ਵੱਜ ਗਏ
ਤੈਨੂੰ ਹਾਕਾਂ ਮਾਰਦੀ ਦਾ
ਆਖਰੀ ਸਾਹ ਮੁੱਕ ਗਿਆ
ਆਜਾ ਹੁਣ ਤਾਂ ਆਣ ਕੇ
ਪੀੜਾਂ ਦਾ ਪਾਸਾ ਥੱਲ ਜਾ....।

➢➢➢

## ਪਹਿਲੀ ਵਾਰੀ

ਨੇਰ੍ਹ ਦਾ ਪਾਸਾ ਪਹਿਲੀ ਵਾਰੀ
ਕਿਸਨੇ ਥੱਲਿਆ ਹੋਊ...?
ਚਾਨਣ ਦਾ ਸੂਰਜ ਪਹਿਲੀ ਵਾਰੀ
ਕਿਸਦੀ ਕੁੱਖ 'ਚ ਉੱਗਿਆ ਹੋਊ...?
ਸੂਰਜ ਨੇ ਜਦ ਪਹਿਲੀ ਵਾਰੀ
ਧਰਤ ਦਾ ਘੁੰਡ ਚੁੱਕਿਆ ਹੋਊ....
ਚਾਨਣ ਦਾ ਛਿੱਟਾ ਪਹਿਲੀ ਵਾਰੀ
ਧਰਤ ਤੇ ਜਦ ਵੱਜਿਆ ਹੋਊ...
ਸੂਰਜ ਨੇ ਜਦ ਪਹਿਲੀ ਵਾਰੀ
ਧਰਤ ਦਾ ਮੱਥਾ ਚੁੰਮਿਆ ਹੋਊ...
ਧਰਤ ਦੀ ਜਦ ਪਹਿਲੀ ਵਾਰੀ
ਕੁੱਖ ਹਰੀ ਹੋਈ ਹੋਊ...
ਧਰਤ ਸੰਗਦੀ ਪਹਿਲੀ ਵਾਰੀ
ਕਿਸਦੀ ਬੁੱਕਲ ਦੇ ਵਿਚ ਲੁਕੀ ਹੋਊ...?

➢➢➢

## ਕਰਵਾ ਚੌਥ ਤੇ

ਅੱਜ ਕਰਵਾ ਚੌਥ ਤੇ
ਤੈਂ ਜਦ ਮੇਰੇ ਹੋਠਾਂ ਨੂੰ
ਪਾਣੀ ਦਾ ਘੁੱਟ ਲਾ ਕੇ
ਵਰਤ ਮੇਰਾ ਤੋੜਿਆ...
ਮੈਂ ਤੇਰੇ ਪੈਰਾਂ ਤੇ
ਆਪਣਾ ਸਿਰ ਰੱਖਿਆ
ਮੇਰਾ ਮੱਥਾ ਚੁੰਮਿਆ ਤੈਂ
ਆਪਣੇ ਹੋਠਾਂ ਦੇ ਨਾਲ
ਮੇਰੇ ਸਿਰ ਤੇ ਹੱਥ ਧਰਿਆ
ਤੈਂ ਇਕ ਅਸ਼ੀਰਵਾਦ ਦਾ
ਮੇਰੇ ਪੈਰਾਂ 'ਚ ਪੰਜੇਬਾਂ ਦਾ ਜੋੜਾ
ਤੈਂ ਆਪਣੇ ਹੱਥਾਂ ਨਾਲ ਪਾਇਆ
ਪਰ ਆਹ ਸ਼ਰਤਾਂ ਦੀ ਇਕ ਲੱਪ
ਤੈਂ ਮੇਰੀ ਝੋਲੀ 'ਚ ਕਾਹਤੋਂ ਸੁੱਟੀ....?
ਵੇ ਜਿਉਣ ਜੋਗਿਆ!
ਮੈਂ ਤਾਂ ਇਕ ਗਹਿਣਾ ਮੰਗਿਆ ਸੀ
ਪੈਰਾਂ 'ਚ ਪਾਉਣ ਲਈ
ਸ਼ਰਤਾਂ ਦੀਆਂ ਬੇੜੀਆਂ ਤਾਂ ਨਹੀਂ
ਕਿ ਮੈਂ ਉੱਡ ਵੀ ਨਾ ਸਕਾਂ....।

➢➢➢

## ਹੰਝੂ

ਬੱਦਲ ਦੀ ਅੱਖ 'ਚੋਂ ਡਿੱਗਿਆ ਹੰਝੂ
ਜੇ ਸਿੱਪ ਦੇ ਮੂੰਹ 'ਚ ਪੈਂਦਾ ਏ
ਤਾਂ ਮੋਤੀ ਬਣਦੈ... ਚਮਕਦੈ...
ਫਿਰ ਚੰਨ ਕਿਸਦੀ ਅੱਖ ਦਾ ਹੰਝੂ
ਤੇ ਕਿਹੜੇ ਸਿੱਪ ਦੇ ਮੂੰਹ ਵਿਚ ਡਿੱਗਿਆ....?
ਮੈਂ ਵੀ ਜੀਅ ਕਰਦੈ...
ਇਕ ਮੋਤੀ ਬਣਜਾਂ
ਤੇ ਫਿਰ ਅੰਬਰ ਦੇ ਵਿਚ ਲਟਕਾਂ
ਚੰਨ ਦੇ ਐਨ ਬਰੋਬਰ ਹੋ ਕੇ
ਫਿਰ ਸਾਰੀ ਦੁਨੀਆਂ ਸੋਚੇ
ਔਹ ਕਰਮਾਂ ਦਾ ਮਾਰਿਆ ਹੰਝੂ
ਕੀਹਦੀ ਅੱਖ ਦਾ ਜਾਇਆ ਏ....?

➢➢➢

## ਜੇ ਤੈਨੂੰ ਯਾਦ ਹੋਵੇ

ਜੇ ਤੈਨੂੰ ਯਾਦ ਹੋਵੇ
ਤੇਰੇ ਇਕ ਬੋਲ ਉੱਤੇ
ਮੈਂ ਸਾਰੀ ਦੀ ਸਾਰੀ
ਸਾਲਮ ਰੂਪ 'ਚ
ਤੇਰੇ ਸਾਹਮਣੇ ਆ ਖੜ੍ਹੋਂਦੀ ਸਾਂ
ਪਰ ਤੈਨੂੰ ਹਰ ਸਾਹ ਨਾਲ ਪੁਕਾਰਦਾ
ਮੇਰਾ ਬਰਫ਼ ਹੋਇਆ ਜਿਸਮ
ਰਾਖ ਹੋਣ ਨੂੰ ਤਿਆਰ
ਜੇ ਨਹੀਂ ਆ ਹੁੰਦਾ ਤਾਂ
ਨਾ ਆਵੀਂ ਸਾਰੇ ਦਾ ਸਾਰਾ
ਸਾਲਮ ਰੂਪ 'ਚ ਮੇਰੇ ਸਾਹਮਣੇ
ਪਰ ਇਕ ਨਜ਼ਰ ਦੇਖ ਲਵੀਂ
ਮੇਰੀ ਚਿਖਾ ਵੱਲ
ਮੇਰੇ ਸਿਵੇ ਦੀ ਲਾਟ
ਬੁਝਣ ਤੋਂ ਪਹਿਲਾਂ-ਪਹਿਲਾਂ...।

➢➢➢

## ਉਡੀਕ

ਬੱਦਲ ਦਾ ਇਕ ਸੁਨੇਹਾ
ਜਾਂਦੀ ਵਾਰ ਦਾ
ਮਾਰੂਥਲ ਦੀ ਰੇਤ ਨੂੰ
ਗਿਆ ਠਾਰਦਾ
ਆਵਾਂਗਾ ਫਿਰ ਪਰਤ ਕੇ
ਤੇਰੀ ਤਪਦੀ ਹਿੱਕ ਨੂੰ ਠਾਰਨ ਲਈ
ਤੇ ਥਲਾਂ 'ਚ ਉੱਡਦੀ ਰੇਤ
ਸੰਗਦੀ ਧਰਤ ਦੇ ਨਾਲ ਚਿੰਬੜ ਗਈ
ਬੱਦਲ ਤਾਂ ਨਾ ਬਹੁੜਿਆ
ਪਰ ਰੇਤ ਮਿੱਟੀ ਹੋ ਗਈ।

➢➢➢

## ਹੋ ਸਕੇ ਤਾਂ...

ਤੂੰ ਮਿਲਣ ਦੀ
ਤਾਰੀਖ ਦਿੱਤੀ ਸੀ
ਮੇਰਾ ਛੇਕੜਲਾ ਸਾਹ
ਤੇ ਉਦੋਂ ਤੋਂ ਹੀ ਮੈਂ
ਸਾਹਾਂ ਨੂੰ ਪੋਟਿਆਂ ਤੇ
ਗਿਣਨਾ ਸ਼ੁਰੂ ਕੀਤਾ
ਹੁਣ ਉਹੀ ਛੇਕੜਲਾ ਸਾਹ
ਜੋ ਮੈਂ ਵਰ੍ਹਿਆਂ ਤੋਂ
ਰੋਕ ਕੇ ਰੱਖਿਆ ਹੋਇਐ...
ਤੇ ਨੈਣਾਂ 'ਚ ਸਾਂਭੀਆਂ ਹੋਈਐਂ
ਆਖਰੀ ਦੋ ਬੂੰਦਾਂ ਪਾਣੀ ਦੀਆਂ
ਤੇਰੇ ਚਰਨ ਧੋਣ ਲਈ
ਇਸ ਤੋਂ ਪਹਿਲਾਂ
ਕਿ ਉਹ ਸਾਹ ਮੁੱਕ ਜਾਵੇ
ਤੇ ਕੋਇਆਂ 'ਚ ਸਾਂਭੀਆਂ
ਉਹ ਬੂੰਦਾਂ...
ਬਰਫ਼ ਬਣ ਜਾਣ
ਹੋ ਸਕੇ ਤਾਂ ਤੂੰ ਆ ਜਾਵੀਂ
ਹੋ ਸਕੇ ਤਾਂ....
ਤੂੰ ਆ ਜਾਵੀਂ...।

➢➢➢

## ਜੀਅ ਕਰਦੈ

ਜੀਅ ਕਰਦੈ ਉੱਡ ਅੰਬਰੀਂ ਜਾਵਾਂ
ਸਾਰੇ ਤਾਰੇ ਹੂੰਝ ਲਿਆਵਾਂ
ਚੰਦ ਦਾ ਰੁੱਖ ਖੁੱਗ ਲਿਆਵਾਂ
ਸੂਰਜ ਦਾ ਦੀਵਾ ਚੁੱਕ ਲਿਆਵਾਂ
ਲੈ ਕੇ ਆਪਣੇ ਘਰ ਮੁੜ ਆਵਾਂ
ਆਪਣੇ ਲਈ ਇਕ ਚੁੰਨੀ ਲੈ ਕੇ
ਕਿੰਗਰੀ ਤਾਰਿਆਂ ਦੀ ਲਗਾ ਕੇ
ਵਿਚ ਵਿਚਾਲੇ ਚੰਦ ਟਿਕਾਕੇ
ਸੂਰਜ ਮੱਥੇ ਤੇ ਲਟਕਾਵਾਂ
ਚਾਨਣ ਖੋਹ ਕੇ ਅੰਬਰਾਂ ਕੋਲੋਂ
ਧਰਤੀ ਉੱਤੇ ਖਿਲਾਰਦੀ ਜਾਵਾਂ
ਜਾਂ ਫਿਰ ਚੁੰਨੀ ਲੈ ਆਪਣੇ ਤੇ
ਸਖੀਆਂ ਦੇ ਸੰਗ ਖੇਡਣ ਜਾਵਾਂ
ਹਾਏ! ਮੈਂ ਬਚਪਨ ਯਾਦਾਂ ਭਰਿਆ
ਕਿਸੇ ਤਰ੍ਹਾਂ ਤਾਂ ਮੋੜ ਲਿਆਵਾਂ।

➣➣➣

## ਮੈਨੂੰ ਬੋਲਣ ਦਿਓ

ਮੈਨੂੰ ਕੁੱਖ ਵਿਚ ਮਾਰਿਆ
ਮੈਂ ਚੁੱਪ ਰਹੀ,
ਜੰਮੀ ਤਾਂ ਗਲ ਘੁੱਟਿਆ
ਮੈਂ ਚੁੱਪ ਰਹੀ,
ਰੁੱਖੀ ਰੋਟੀ ਮੇਰੇ ਹਿੱਸੇ ਆਈ
ਮੈਂ ਚੁੱਪ ਰਹੀ,
ਦਾਜ ਦੀ ਸਲੀਬ ਤੇ ਟੰਗੀ ਗਈ
ਮੈਂ ਚੁੱਪ ਰਹੀ,
ਮੇਰੀ ਮੁਹੱਬਤ ਦਾ ਗਲ ਘੁੱਟਿਆ
ਮੈਂ ਚੁੱਪ ਰਹੀ,
ਥਾਂ-ਥਾਂ ਜ਼ਲੀਲ ਹੋਈ
ਮੈਂ ਚੁੱਪ ਰਹੀ,
ਸਰਕਾਰੇ ਦਰਬਾਰੇ ਪੱਤ ਮੇਰੀ ਰੁਲਦੀ ਰਹੀ
ਮੈਂ ਚੁੱਪ ਰਹੀ,
ਬਾਜ਼ਾਰ ਵਿਚ ਵਿਕਦੀ ਰਹੀ
ਮੈਂ ਚੁੱਪ ਰਹੀ,
ਮੇਰੀ ਲਾਸ਼ ਦੀ ਬੋਲੀ ਲਾਉਣ ਵਾਲਿਓ
ਕਬਰ ਵਿਚ ਹੀ ਸਹੀ
ਦੋ ਘੜੀ ਚੈਨ ਤਾਂ ਲੈਣ ਦਿਓ
ਗੱਲ ਦਿਲ ਦੀ ਕਹਿ ਤਾਂ ਲੈਣ ਦਿਓ
ਹੁਣ ਚੁੱਪ ਕਾਹਤੋਂ ਰਹਾਂ
ਹਾੜਾ! ਹੁਣ ਮੈਨੂੰ ਬੋਲਣ ਦਿਓ
ਹਾੜਾ! ਹੁਣ ਮੈਨੂੰ ਬੋਲਣ ਦਿਓ।

➢➢➢

## ਯਾਦਾਂ ਦੇ ਬਿਰਖ

ਯਾਦਾਂ ਦੇ ਇਸ ਜੰਗਲ ਵਿਚੋਂ
ਕੁਝ ਬਿਰਖ ਤੇਰੇ ਨਾਂ ਦੇ ਪੁੱਟੇ
ਖਾਰੇ ਪਾਣੀ ਨੈਣਾਂ ਦੇ ਨਾਲ ਸਿੰਜਿਆ ਵੀ
ਤਾਂ ਵੀ ਪੱਤਰ ਯਾਦਾਂ ਦੇ ਨਾ ਸੁੱਕਣ,
ਔੜਾਂ ਦੇ ਦੁੱਖ ਮਾਰਨ ਥੋਨੂੰ
ਜਾਂ ਫਿਰ ਮਾਰੂਥਲ ਵਿਚ ਉਗਰੋਂ
ਜਾਂ ਫਿਰ ਮਾਨਣ ਛਾਵਾਂ ਥੋਡੀਆਂ
ਕੋਈ ਕਰਮਾਂ ਦੀਆਂ ਮਾਰੀਆਂ,
ਕਿਸੇ ਕਾਲੀ ਜੀਭ ਵਾਲੀ ਦੀਆਂ
ਨਜ਼ਰਾਂ ਥੋਨੂੰ ਲੱਗਣ
ਜਾਂ ਫਿਰ ਖਾਲੀ ਜਾਵੋਂ ਜਹਾਨੋਂ
ਥੋਡੀ ਜੜ੍ਹ ਨਾ ਲੱਗੇ...
ਐਹੋ ਜਿਹੇ ਸਰਾਪ ਵੀ ਦਿੱਤੇ
ਯਾਦਾਂ ਦੇ ਪਰ ਬਿਰਖ ਦਿਨੋਂ ਦਿਨ
ਵਧਦੇ ਫੁੱਲਦੇ ਜਾਵਣ
ਤੇਰੀਆਂ ਕੌੜੀਆਂ ਮਿੱਠੀਆਂ ਗੱਲਾਂ
ਚੇਤੇ ਵਿਚੋਂ ਕਿੱਦਾਂ ਨਿਕਲਣ
ਯਾਦਾਂ ਦੇ ਇਸ ਜੰਗਲ ਵਿਚੋਂ
ਕਿੰਝ ਬਿਰਖ ਤੇਰੇ ਨਾਂ ਦੇ ਪੁੱਟਾਂ...?
ਕਿੰਝ ਬਿਰਖ ਤੇਰੇ ਨਾਂ ਦੇ ਪੁੱਟਾ...?

➢➢➢

# ਨਿੰਮ

ਵਿਹੜੇ ਵਿਚਲੀ ਨਿੰਮ
ਨਿੰਮ ਵੀ ਕਾਹਦੀ
ਮਾਂ ਜਿਵੇਂ ਸਾਡੀ ਕੋਈ
ਸਾਡੇ ਪਿਉ ਦੀ, ਸਾਡੇ ਬਾਬਿਆਂ ਦੀ।
ਸਾਰੇ ਜੰਮ ਕੇ ਬੁੱਢੇ ਹੋਏ
ਬੁੱਢੇ ਹੋ ਕੇ ਵੀ ਤੁਰ ਗਏ
ਇਹ ਨਾ ਪਰ ਬੁੱਢੀ ਹੋਵੇ
ਨਾ ਹੀ ਮਰਨ ਦਾ ਨਾਂ ਪਈ ਲੈਂਦੀ
ਨਾ ਹੀ ਛਾਂ ਵਿਚ ਫਰਕ ਰਖੇਂਦੀ
ਉਨੀ ਛਾਂ ਇਹ ਸਾਨੂੰ ਦੇਵੇ
ਜਿੰਨੀ ਛਾਂ ਸਾਡੇ ਬਾਬਿਆਂ ਤਾਈਂ।
ਆਪਣੀ ਛਾਤੀ ਤੇ ਉਗਾਏ
ਖੁੰਢ ਕਈ ਮੋਟੇ ਥੰਮਾਂ ਵਰਗੇ
ਤੇ ਫਿਰ ਲਾਹ-ਲਾਹ ਸੁੱਟੇ ਸੱਥਾਂ ਦੇ ਵਿਚ
ਕੋਈ ਪਿੰਡ ਦੀ ਜੂਹ ਵਿਚ ਸੁੱਟਿਆ
ਉੱਪਰ ਬਾਲ ਖਿਡਾਉਂਦੇ ਬਾਬੇ
ਕਈ ਪੀੜ੍ਹੀਆਂ ਆ ਕੇ ਬੈਠਣ
ਤੇ ਬਹਿ ਕੇ ਤੁਰ ਜਾਵਣ
ਕੋਈ ਬੁੱਲ੍ਹ ਨਾ ਮੂੰਹ 'ਚੋਂ ਫੁੱਟਣ
ਕੋਈ ਨਾ ਗੁਣ ਇਹਦੇ ਗਾਵਣ
ਆਪਣੇ ਹੱਡ ਵੀ ਬਾਲ਼ੇ ਇਸਨੇ
ਮਰੇ ਹੋਏ ਹੱਡ ਧੁਖਾਵਣ ਖਾਤਰ
ਉਫ਼ ਨਾ ਕਰਦੀ ਨਾ ਇਹ ਥੱਕਦੀ
ਆਪਣੀ ਗੋਦ ਸਵਾਰੀ

ਖੌਰੇ ਕੀਹਨੂੰ ਹੋਰ ਖਿਡਾਵਣ ਖਾਤਰ
ਚਿਣ ਚਿਣ ਲਾਉਂਦੀ ਪੱਤਰ ਆਪਣੇ ਸਾਲੂ ਤੇ
ਜਿਵੇਂ ਮਾਲਣ ਕੋਈ ਹਾਰ ਪਰੋਂਦੀ ਜਾਪੇ
ਸੁੱਕੇ ਸੜੇ ਪੱਤਰਾਂ ਤਾਈਂ
ਭੁੱਲਦੀ ਨਾ ਕਦੇ ਪਿੰਡੇ ਉਤੋਂ ਝਾੜਨਾ
ਇਹ ਵਿਹੜੇ ਵਿਚਲੀ ਨਿੰਮ
ਨਿੰਮ ਵੀ ਕਾਹਦੀ
ਮਾਂ ਜਿਵੇਂ ਸਾਡੇ ਬਾਬਿਆਂ ਦੀ
ਸਾਡੇ ਬਾਲਾਂ ਦਿਆਂ
ਬਾਲਾਂ ਦੀ ਵੀ ਖੌਰੇ...।

➢➢➢

## ਸੁਪਨਿਆਂ ਦੇ ਰੁੱਖ

ਸੁਪਨਿਆਂ ਦੇ ਮੈਂ ਰੁੱਖ ਉਗਾਵਾਂ
ਚਾਵਾਂ ਦੀ ਗੋਡੀ ਕਰਾਂ,
ਚਾਂਦੀ ਦੇ ਮੈਂ ਬੁੱਤ ਬਣਾਵਾਂ
ਹੌਂਕਿਆਂ ਦੇ ਸਾਹ ਭਰਾਂ
ਤਸਵੀਰ ਉਹਦੀ ਪੈਗੰਬਰ ਮੰਨ ਕੇ
ਜ਼ੁਲਫਾਂ ਦਾ ਚੌਰ ਕਰਾਂ।
ਯਾਦਾਂ ਦੇ ਮੈਂ ਖੂਹ ਪੁੱਟ-ਪੁੱਟ
ਵਿਚ ਹੰਝੂਆਂ ਦਾ ਪਾਣੀ ਭਰਾਂ।
ਹਾਵਾਂ ਹੌਂਕੇ ਲਟ-ਲਟ ਬਲਦੇ
ਨੀ ਮੈਂ ਕੀਂਕਣ ਸੇਕ ਜਰਾਂ।
ਹਿੰਮਤ ਹੁੰਦੀ ਪਹੁੰਚਦੀ ਮੈਂ ਉਹਦੇ ਤਾਈਂ ਜ਼ਰੂਰ
ਬੁਝਦੇ ਸਾਹਾਂ ਦਾ ਹੁਣ ਕੀ ਕਰਾਂ।
ਰੋਜ਼ ਉਜੜਦੈ ਚਾਵਾਂ ਦਾ ਘਰ
ਤੱਕ ਕੀਂਕਣ ਚੁੱਪ ਕਰਾਂ।
ਕਿਸੇ ਮੁਰਦੜੇ ਦੀ ਕਬਰ ਤੋਂ ਚੁਰਾ ਕੇ ਮੈਂ ਦੀਪ
ਆਪਣੀ ਕਬਰ ਤੇ ਰੋਜ਼ ਧਰਾਂ।
ਮੇਰਿਆਂ ਅੱਖਰਾਂ ਦੀ ਚਿਤਾ ਜੋ ਚਿਣ ਦਿੱਤੀ
ਇਹਦੇ ਨੇੜੇ ਕੀਂਕਣ ਅਗਨ ਕਰਾਂ।
ਹਨੇਰੀ ਰਾਤ ਜੁਗਨੂੰਆਂ ਦੇ ਚਾਨਣੇ
ਦਿਲ ਦੇ ਲੰਗਾਰਾਂ ਦੇ ਤੋਪੇ ਭਰਾਂ।
ਮੇਰੇ ਸਿਵੇ ਦੀ ਫਿੱਕੀ ਰੌਸ਼ਨੀ
ਖਿਲਰੇ ਚਾਵਾਂ ਨੂੰ ਕਿੰਝ ਇਕੱਠੇ ਕਰਾਂ।

➢➢➢

## ਅਪੂਰਨ ਖ਼ਾਹਿਸ਼

ਖ਼ਾਹਿਸ਼ ਹੈ ਉੱਡਣ ਦੀ
ਕਿ ਉੱਡ ਕੇ ਦੇਖ ਆਵਾਂ
ਉਕਾਬ ਦਾ ਘਰ
ਸੂਰਜ ਦੀ ਸੁਨਹਿਰੀ ਝਾਲਰ
ਆਕਾਸ਼ ਦਾ ਪਿੰਡਾ
ਚੰਦ ਦੀ ਬੁੱਕਲ 'ਚ ਚਰਖਾ ਕੱਤਦੀ ਨਾਰ ਨੂੰ
ਕੰਬਦੇ ਜਿਸਮਾਂ ਵਾਲੇ ਤਾਰੇ
ਕਿਸਦੀ ਬੁੱਕਲ 'ਚ ਜਾ ਲੁਕਦੇ ਨੇ
ਸੂਰਜ ਤੋਂ ਸੰਗਦੇ
ਜਾਂ ਫਿਰ ਸਰਾਪ ਦਿਆਂ ਮਾਰਿਆਂ ਦੀ
ਚਾਨਣ ਦੇ ਜੰਮਣ ਨਾਲ ਮੌਤ ਹੋ ਜਾਂਦੀ ਹੈ...
ਪਹਾੜਾਂ ਦੇ ਮੱਥਿਆਂ ਤੇ ਉਗੇ ਰੁੱਖ
ਜਿਵੇਂ ਕਿੰਗਰੀ ਵਾਲੀ ਚੁੰਨੀ ਖਿਲਾਰੀ
ਸੱਜ ਵਿਆਹੀ ਬੈਠੀ ਹੋਵੇ
ਦੇਖ ਆਵਾਂ ਕਿ
ਜੀਹਨੂੰ ਲੋਕ ਰੱਬ ਆਖਦੇ ਨੇ
ਕਿਹੋ ਜਿਹਾ ਹੈ ਉਹ
ਪਰ ਮਾਂ ਆਖਦੀ ਏ
ਤੂੰ ਕਿੰਞ ਉੱਡੇਂਗੀ
ਤੇਰੇ ਤਾਂ ਪਰ ਹੀ ਨਹੀਂ ਹਨ
ਧੀਆਂ ਦੇ ਤਾਂ ਜੰਮਦਿਆਂ ਹੀ
ਪਰ ਕੱਟ ਦਿੱਤੇ ਜਾਂਦੇ ਹਨ
ਤੇ ਨਾਲੇ... ਧੀਆਂ ਤਾਂ...
ਵਿਹੜੇ ਦੀ ਚਾਰਦੀਵਾਰੀ 'ਚ ਹੀ
ਸੋਂਹਦੀਆਂ ਨੇ...
ਆਕਾਸ਼ੀਂ ਉੱਡਦੀਆਂ ਨਹੀਂ...।

## ਅੰਮ੍ਰਿਤਾ ਪ੍ਰੀਤਮ ਨੂੰ

ਐ ਅੰਮ੍ਰਿਤਾ! ਤੂੰ ਵਾਰਿਸ ਨੂੰ ਆਖਿਆ ਸੀ
ਕਬਰਾਂ 'ਚੋਂ ਬੋਲਣ ਲਈ
ਪਰ ਮੈਂ ਤਾਂ ਨਾਨਕ ਨੂੰ ਆਖਦੀ ਹਾਂ।
ਕਬਰਾਂ ਵਿਚੋਂ ਬੋਲਣ ਲਈ ਨਹੀਂ
ਕਿਉਂਕਿ ਰੱਬ ਤਾਂ ਦਫਨਾਇਆ ਨਹੀਂ ਜਾਂਦਾ
ਸਸਕਾਰਿਆ ਵੀ ਨਹੀਂ ਜਾਂਦਾ
ਰੱਬ ਤਾਂ ਮਰਦਾ ਹੀ ਨਹੀਂ...
ਤੂੰ ਤਾਂ ਵਾਰਿਸ ਦੀ ਕਲਮ ਨੂੰ
ਇਸ਼ਕੇ ਦੇ ਵਰਕੇ ਤੇ ਉੱਕਰੇ
ਧੀਆਂ ਦੇ ਅੱਥਰੂਆਂ ਦੀ ਸਿਆਹੀ ਦੇਣੀ ਲੋਚੀ ਸੀ...
ਪਰ ਮੈਂ ਤਾਂ ਨਾਨਕ ਦੀ ਗੋਦ ਨੂੰ
ਰੋਂਦੀ ਹੋਈ ਬੇਬਸ,
ਧੀਆਂ ਵਰਗੀ ਕਾਇਨਾਤ ਨੂੰ
ਪਨਾਹ ਦੇਣ ਲਈ ਆਖਦੀ ਹਾਂ।
ਤੂੰ ਮੇਰੇ ਤੋਂ ਕਿੰਨੀ ਵੱਡੀ ਏਂ
ਤੇਰੇ ਕਹਿਣ ਤੇ ਵਾਰਿਸ ਤਾਂ ਬੋਲਿਆ ਨਹੀਂ
ਕੀ ਮੇਰੇ ਕਹਿਣ ਤੇ ਨਾਨਕ ਬੋਲ ਪਵੇਗਾ...?
ਤੂੰ ਵੀ ਇਕ ਧੀ ਏਂ, ਤੇ ਮੈਂ ਵੀ
ਜਿਨ੍ਹਾਂ ਦੀ ਆਵਾਜ਼ ਤਾਂ
ਗਲੇ ਦਾ ਬੂਹਾ ਨਹੀਂ ਟੱਪ ਸਕਦੀ
ਪਰ ਸੋਚ ਅਕਸਰ ਵਿਹੜੇ ਦੀਆਂ
ਦਹਿਲੀਜ਼ਾਂ ਟੱਪ ਜਾਂਦੀ ਏ...
ਸੁਲਗਣ ਦੀ ਬਜਾਏ
ਤੂੰ ਵੀ ਸ਼ਾਂਤ ਹੋ ਜਾ, ਤੇ ਮੈਂ ਵੀ
ਹੁਣ ਨਾ ਵਾਰਿਸ ਬੋਲੇਗਾ... ਨਾ ਨਾਨਕ...
ਅਤੇ ਫਿਰ ਆਪਾਂ ਤਾਂ ਧੀਆਂ ਹਾਂ...
ਬੋਲਦੀਆਂ ਸੋਂਹਦੀਆਂ ਨਹੀਂ...।

## ਤਲਾਸ਼

ਖਾਮੋਸ਼ ਤਾਰਿਆਂ ਦੀ ਫਿੱਕੀ ਰੌਸ਼ਨੀ
ਜ਼ੁਲਫਾਂ ਦੇ ਢੇਰ ਵਾਂਗ ਪਸਰੀਆਂ ਸਿਆਹ ਰਾਤਾਂ
ਰੁੱਖਾਂ ਦਾ ਅੱਕ ਥੱਕ ਅੱਖਾਂ ਮੀਟ ਲੈਣਾ
ਨਾ ਪੱਤਿਆਂ ਦੀ ਸਰਸਰਾਹਟ
ਨਾ ਸੋਹਲ ਛਿੰਦੇ ਬੋਲਾਂ ਦੀ ਗੂੰਜ
ਹੌਲੀ-ਹੌਲੀ ਕਦਮ ਪੁੱਟਦੇ
ਬੂਹੇ ਦੀ ਸਰਦਲ ਤੇ ਜਾ ਖੜੋਣਾ
ਕਿਸੇ ਕਲਪਨਾ 'ਚ ਮੱਥੇ ਤੇ ਹੱਥ ਰੱਖ
ਸਿਆਹ ਰਾਤ 'ਚ ਦੂਰ ਤੱਕ ਦੇਖਣ ਦੀ
ਅਸਫਲ ਕੋਸ਼ਿਸ਼....
ਦਰਦਾਂ ਦੀ ਸਾਰ ਜਾਨਣ ਵਾਲੇ ਨੂੰ ਉਡੀਕਣਾ
ਵਾਪਸ ਆ ਕੇ...
ਅੱਥਰੂਆਂ ਦੇ ਚਿਰਾਗ ਬਾਲ ਕੇ
ਸਾਰੀ ਰਾਤ ਯਾਦਾਂ ਦੇ ਅਸੀਮ ਮੰਡਲ 'ਚੋਂ
ਕਿਸੇ ਧੁੰਦਲੇ ਜਿਹੇ ਚਿਹਰੇ ਦਾ ਪਰਛਾਵਾਂ
ਅਜ਼ੀਜ਼ ਹਰਫਾਂ ਦੀ ਤਲਾਸ਼
ਕਿ ਸ਼ਾਇਦ ਕੋਈ ਹਰਫ਼
ਮੇਰੇ ਲਈ...
ਸੂਰਜ ਬਣ ਮੁਸਕਰਾਏ...।

➢➢➢

## ਅਲਵਿਦਾਇਗੀ

ਉਸਦਾ ਆਉਣਾ
ਆ ਕੇ ਮੁਸਕੁਰਾਉਣਾ
ਮਲਕੜੇ ਜਿਹੇ ਮੇਰੇ ਸਾਹਵੇਂ ਬੈਠ ਜਾਣਾ
ਮੇਰੇ ਦੇਖਣ ਤੇ...
ਨਸ਼ੇ 'ਚ ਉੱਛਲਦੇ ਨੈਣ ਝੁਕ ਜਾਣੇ
ਉਸਦੀਆਂ ਜ਼ੁਲਫਾਂ ਦੇ ਹਨੇਰੇ 'ਚ
ਅਥਾਹ ਸ਼ਾਂਤੀ ਦਾ ਆਗਮਨ
ਨਾ ਉਸਦਾ ਕੁਝ ਬੋਲਣਾ
ਨਾ ਮੇਰੀ ਖਾਮੋਸ਼ੀ ਨੂੰ ਤੋੜਨ ਦੀ ਕੋਸ਼ਿਸ਼ ਕਰਨਾ
ਫਿਰ ਅੱਥਰੂਆਂ ਭਰੀਆਂ ਅੱਖਾਂ
ਹੌਲੇ-ਹੌਲੇ ਉੱਪਰ ਚੁੱਕ
ਮੇਰੀਆਂ ਅੱਖਾਂ ਦੀ ਗਹਿਰਾਈ ਨਾਪਣੀ
ਚੁੱਪ ਪਹਿਨੇ ਹੋਠੀਂ
ਗਿੱਲੇ ਨੈਣ ਝੁਕਾਅ...
ਬਿਨਾਂ ਇਜ਼ਾਜਤ
ਮੇਰੇ ਕੋਲੋਂ ਉੱਠ ਕੇ ਚਲੀ ਜਾਣਾ
ਉਸਦੀ ਇਕ-ਇਕ ਅਦਾ ਦੀ ਯਾਦ
ਅੱਜ ਉਸਦੇ ਸਿਵੇ ਸਾਹਵੇਂ
ਮੇਰੀਆਂ ਅੱਖਾਂ ਦਾ ਰੋ-ਰੋ ਥੱਕ ਜਾਣਾ
ਮੇਰਾ ਹੱਥ ਫਿਰ ਉੱਠਿਆ ਰਿਹਾ
ਉਸਦੀ ਅਲਵਿਦਾਇਗੀ ਲਈ...।

➢➢➢

## ਕਿਉਂ

ਕਿਉਂ ਸੋਗੀ ਜਿਹੀ ਹੋ ਗਈ
ਆਵਾਜ਼ ਮੇਰੇ ਗੀਤ ਦੀ
ਕਿਉਂ ਪੀੜੋ ਪੀੜ ਹੋ ਗਈ
ਕਵਿਤਾ ਮੇਰੇ ਅਹਿਸਾਸ ਦੀ
ਕਿਉਂ ਅਧਮੋਈ ਜਿਹੀ ਹੋ ਗਈ
ਆਵਾਜ਼ ਹਰ ਇਕ ਸ਼ਾਇਰ ਦੀ
ਕਿਉਂ ਚੀਕ ਜਿਹੀ ਹੋ ਗਈ
ਹੂਕ ਕਿਸੇ ਮੁਟਿਆਰ ਦੀ
ਕਿਉਂ ਅਧਖਿੜੀ ਮੁਰਝਾ ਗਈ
ਕਲੀ ਹਰ ਇਕ ਬਾਗ ਦੀ
ਕਿਉਂ ਝੁਲਸਾ ਗਿਐ
ਸ਼ਬਾਬ ਹਰ ਇਕ ਨਾਰ ਦਾ
ਕਿਉਂ ਨੀਰੋ-ਨੀਰ ਹੋ ਗਏ
ਨੈਣ ਭੋਲ਼ੇ ਹੁਸਨ ਦੇ
ਕਿਉਂ ਅੱਖਾਂ 'ਚੋਂ ਸੁਪਨੇ ਉੱਡ ਗਏ
ਕਿਉਂ ਦਿਲ ਦੀਆਂ ਸੱਧਰਾਂ ਮਰ ਗਈਆਂ
ਕਿਉਂ ਖਾਹਿਸ਼ ਨਾ ਰਹੀ ਜੀਣ ਦੀ
ਦੁਨੀਆਂ ਬਣਾਉਣ ਵਾਲੇ ਨੂੰ ਵੀ
ਕਿਉਂ ਕੰਡਿਆਂ ਭਰੇ ਰਾਹਾਂ ਉਤੇ
ਲਹੂ ਲਿਬੜੇ ਪੈਰ ਲੈ ਕੇ
ਚੱਲਣਾ ਮੁਹਾਲ ਹੋ ਗਿਐ
ਮੌਤ ਦਾ ਸੱਥਰ ਵਿਛ ਗਿਐ
ਸਾਹਾਂ ਦੀ ਸੋਹਣੀ ਬਾਰਾਤ ਲਈ
ਦੱਸੋ ਨੀ ਕਿਉਂ ਦੇਸ਼ ਮੇਰੇ ਨੂੰ
ਪੀੜਾਂ ਦਾ ਢੋਰਾ ਖਾ ਗਿਐ
ਹਰੋ ਨੀ ਕੋਈ ਪੀੜ ਇਸਦੀ
ਇਹ ਕੀ ਲੋਹੜਾ ਆ ਗਿਐ... ?

## ਅਣਚਾਹੇ ਦੁੱਖ

ਜਦੋਂ ਅੱਥਰੂ ਅੱਖਾਂ ਦੇ ਬੂਹੇ ਮੱਲੀ ਰੱਖਣ
ਉਦਾਸ ਹੋਠਾਂ ਤੇ ਚੁੱਪ ਬੇਖੌਫ ਸੁੱਤੀ ਰਹੇ
ਕਿਸੇ ਅਨਜਾਣ ਤੇ ਅਣਚਾਹੇ ਦੁੱਖ ਦਾ ਤੂਫਾਨ
ਜ਼ਿੰਦਗੀ ਦਾ ਵਰਕਾ-ਵਰਕਾ ਖਿਲਾਰ ਜਾਵੇ
ਜਦੋਂ ਆਪਣੀਆਂ ਹੀ ਜ਼ੁਲਫਾਂ ਹਨੇਰੀ
ਰਾਤ ਵਾਂਗ ਡਰਾਉਣ ਲੱਗ ਪੈਣ...
ਜਦੋਂ ਮਨ ਦੀਆਂ ਸਾਰੀਆਂ ਕੰਨੀਆਂ ਧੁਆਂਖ ਜਾਣ
ਹਾਸੇ ਦੁੱਖਾਂ ਦੀ ਸਿਉਂਕ ਨਾਲ ਥੋਥੇ ਹੋ ਜਾਣ
ਰੋਜ਼ ਕਿਸੇ ਇਕ ਅੱਧੀ ਕਵਿਤਾ ਦੀ ਮੌਤ ਹੋ ਜਾਵੇ
ਕਵਿਤਾ ਦੀ ਮੌਤ ਤੇ ਅੱਖਰਾਂ ਦੇ ਸਿਸਕੀਆਂ ਭਰ
ਰੋਣ ਦੀ ਆਵਾਜ਼
ਦਿਲ ਵਿਚ ਵੈਣਾਂ ਵਾਂਗ ਗੂੰਜੇ
ਜਦੋਂ ਆਪਣੇ ਹੀ ਰਚੇ ਗੀਤ ਮਨ ਦਾ ਚੈਨ
ਖੋਹਣ ਲਈ ਸ਼ੋਰ ਮਚਾਉਣ...
ਜਦੋਂ ਕਲਮ ਨੂੰ ਧੀਆਂ ਵਰਗੀਆਂ ਕਵਿਤਾਵਾਂ ਦੀ ਮੌਤ ਤੇ
ਦੰਦਲਾਂ ਪੈਣ ਲੱਗ ਪੈਣ...
ਤੇ ਕਲਮ ਹੱਥਾਂ ਦਾ ਸਾਥ ਛੱਡ
ਬੇਹੋਸ਼ ਹੋ ਕੇ ਡਿੱਗ ਪਵੇ...
ਪੋਟੇ-ਪੋਟੇ ਜ਼ਖ਼ਮੀ ਹੋ ਕੇ
ਅਜਿਹੀ ਹਾਲਤ ਵਿਚ ਕੋਈ
ਭਲਾਂ ਆਪਣੇ ਦੁੱਖਾਂ ਨੂੰ
ਕਿਵੇਂ ਛੁਪਾ ਸਕਦੈ...?

➢➢➢

# ਉਹ ਦਿਨ

ਉਹ ਦਿਨ ਪਤਾ ਨਹੀਂ ਕਦ ਆਵੇਗਾ
ਜਦ ਮੇਰੇ ਘਰ ਮੇਰੀ ਮਕਾਣ ਢੁੱਕੇਗੀ
ਜਦ ਲੰਮੀ ਉਮਰ ਦੇ
ਦੁਖਦੇ ਗਲੇ ਵਿਚੋਂ ਚੀਕ ਮੁੱਕੇਗੀ
ਜਦ ਦੁਨੀਆਂ ਦੇ ਥੱਕੇ ਟੁੱਟੇ
ਮੋਢਿਆਂ ਤੇ ਮੇਰੀ ਲਾਸ਼ ਉੱਠੇਗੀ
ਤੇ ਲਾਸ਼ਾਂ ਚੁੱਕਦੀ ਦੁਨੀਆਂ ਵਿਚਾਰੀ ਥੱਕ ਮੁੱਕੇਗੀ।
ਜਦ ਜਾਨੋਂ ਵੱਧ ਪਿਆਰ ਕਰਨ ਵਾਲੀ ਮਾਂ
ਪਰਿਵਾਰ ਨੂੰ ਨਜ਼ਰ ਲੱਗਦੀ ਦੇਖ
ਮੇਰੀ ਨਿਮਾਣੀ ਲਾਸ਼ ਦੇ
ਪੈਰਾਂ ਦੀ ਮਿੱਟੀ ਚੁੱਕੇਗੀ
ਤੇ ਫਿਰ ਘਰੋਂ ਨਿਕਲਦੀ ਮੇਰੀ ਅਰਥੀ ਦੀ
ਹਰ ਇਕ ਪੈੜ ਉਤੇ ਥੁੱਕੇਗੀ
ਕਦੀ ਮੇਰੇ ਸੰਗ ਫਰੋਲੇ ਦੁੱਖ ਸੁੱਖ ਯਾਦ ਕਰਕੇ
ਮੇਰੀ ਮਾਂ ਮੇਰੇ ਲਈ
ਦੁੱਹਥੜੀਂ ਪਿੱਟੇਗੀ...
ਜਦੋਂ ਸੋਚਾਂ, ਜ਼ਜ਼ਬਿਆਂ, ਹਾਦਸਿਆਂ ਅਤੇ
ਅਹਿਸਾਸਾਂ ਦੀ ਅਰਥੀ ਸੜ ਮੁੱਕੇਗੀ
ਅਤੇ ਕਦੇ ਨਾ ਥੱਕਣ ਵਾਲੀ
ਮੇਰੀ ਸੋਚ ਥੱਕੇਗੀ, ਟੁੱਟੇਗੀ
ਉਹ ਦਿਨ ਪਤਾ ਨਹੀਂ ਕਦ ਆਵੇਗਾ
ਜਦ ਮੇਰੇ ਘਰ ਮੇਰੀ ਮਕਾਣ ਢੁੱਕੇਗੀ।

➢➢➢

## ਜਮ੍ਹਾਂ ਅਤੇ ਮਨਫੀ

ਦਿਲ ਲੋਚਦੈ...
ਕਿ ਸਭ ਕੌੜੇ ਕੁਸੈਲੇ ਪਲ
ਜੀਵਨ 'ਚੋਂ ਮਨਫੀ ਕਰ ਦਿੱਤੇ ਜਾਣ
ਤੇ ਸਿਰਫ਼ ਖੁਸ਼ਨੁਮਾ ਮਿੱਠੇ ਪਲਾਂ ਨੂੰ
ਜਮ੍ਹਾਂ ਕਰਕੇ ਹੀ
ਉਮਰ ਦਾ ਹਿਸਾਬ ਲਾਇਆ ਜਾਵੇ
ਪਰ ਇਸ ਤਰ੍ਹਾਂ ਤਾਂ
ਉਮਰ ਦਾ ਜੋੜ ਮਸਾਂ
ਕੁਝ ਪਲ ਵੀ ਨਹੀਂ ਬਣੇਗਾ
ਅਤੇ ਫਿਰ...
ਇਹ ਝੁਰੜਾਇਆ ਬੂਥਾ
ਤੇ ਧੌਲਾ ਝਾਟਾ
ਇਸਦਾ ਹਿਸਾਬ ਕੌਣ ਦੇਊ ?

➢➢➢

## ਪੋਸਟਮਾਰਟਮ

ਲਾਸ਼ ਦਾ ਪੋਸਟਮਾਰਟਮ
ਕੀ ਫਾਇਦਾ?
ਸਾਰੇ ਸ਼ਿਕਵੇ, ਦੁੱਖ ਦਰਦ ਤੇ ਭੇਦ
ਤਾਂ ਜਿੰਦ ਰਾਣੀ
ਲੈ ਕੇ ਚਲੀ ਗਈ
ਤੇ ਫਿਰ ਇਹ ਥੰਮ ਜਿੱਡਾ
ਮਿੱਟੀ ਦਾ ਬੁੱਤ
ਜਿਸਮ ਤੇ ਲੱਗੀ
ਸੱਟ ਹੀ ਦਿਖਾ ਸਕੇਗਾ
ਰੂਹ ਤੇ ਲੱਗੀ ਚੋਟ ਨਹੀਂ।

➢➢➢

## ਗੁਲਾਮ

ਕੁੱਖ ਅੰਦਰ ਵੀ ਡਰ
ਮਤੇ ਜੰਮਦੀ ਦਾ ਬਾਬਲ
ਗਲਾ ਨਾ ਘੁੱਟ ਦੇਵੇ
ਜੰਮਣ ਸਾਰ ਫਿਰ ਗੁਲਾਮ
ਵੀਰ ਹੋਇਆ, ਚਾਵਾਂ ਨਾਲ ਖਿਡਾਇਆ
ਫਿਰ ਉਸਦੀ ਗੁਲਾਮ
ਵਿਆਹ ਹੋਇਆ
ਤਾਂ ਸਿਰ ਦੇ ਸਾਈਂ ਦੀ ਗੁਲਾਮ
ਪੁੱਤਰ ਜੰਮਿਐ
ਕੁੱਲ ਦਾ ਵਾਰਿਸ
ਉਹ ਵੱਡਾ ਹੋ ਰਿਹੈ
ਮੈਂ ਛੋਟੀ ਹੋ ਰਹੀ ਹਾਂ ਦਿਨੋਂ ਦਿਨ…
ਉਸਦੀ ਗੁਲਾਮੀ ਲਈ
ਬਸ ਇਕੋ ਅਹਿਸਾਸ ਹੋ ਰਿਹੈ
ਕਿ ਸਿਰ ਤੋਂ ਪੈਰਾਂ ਤੀਕ
ਧੁਰ ਅੰਦਰ ਤੀਕ
ਦੋ ਟੁਕੜੇ ਰੋਟੀ ਖਾਤਰ
ਮੈਂ ਸਾਰੀ ਦੀ ਸਾਰੀ ਗੁਲਾਮ ਹਾਂ।

➢➢➢

## ਰਿਸ਼ਤਿਆਂ ਦੀ ਦਲਦਲ

ਮਾਫ ਕਰਨਾ ਦੋਸਤ!
ਬਲਦੀ ਲਾਟ ਤੇ ਹੱਥ ਰੱਖ
ਕੀਤੇ ਵਾਅਦੇ ਮੈਂ
ਪੁਗਾ ਨਹੀਂ ਸਕਦੀ...
ਕਿਉਂਕਿ ਮੈਂ ਤਾਂ ਗਲ ਤੀਕ
ਖੁੱਭੀ ਪਈ ਆਂ
ਰਿਸ਼ਤਿਆਂ ਦੀ ਦਲਦਲ 'ਚ।
ਅਤੇ ਸਿਰ ਜੋ ਬਾਹਰ ਹੈ
ਵੱਡੇ ਵਡੇਰਿਆਂ ਦੀ
ਲਾਜ ਅੱਗੇ ਸ਼ਰਮ ਨਾਲ
ਝੁਕਿਆ ਪਿਐ...।

➢➢➢

## ਸੋਚ

ਮੈਂ ਹਮੇਸ਼ਾ ਤੈਨੂੰ
ਤੇਰੇ ਸਰੀਰ ਤੋਂ ਪਾਰ
ਤੇਰੀ ਰੂਹ ਤੋਂ ਪਾਰ
ਤੇਰੇ ਜਨਮਾਂ ਜਨਮਾਂਤਰਾਂ ਤੋਂ ਪਾਰ
ਇਕ ਰੱਬ ਦੇ ਰੂਪ ਵਿਚ ਦੇਖਿਆ
ਪਰ ਤੂੰ ਸਿਰਫ ਮੇਰੇ
ਕੱਪੜਿਆਂ ਤੋਂ ਪਾਰ ਛੁਪੇ
ਮੇਰੇ ਸਰੀਰ ਨੂੰ
ਇਕ ਔਰਤ ਦੇ ਰੂਪ ਵਿਚ ਵੇਖਿਆ
ਤੇ ਅਜੇ ਵੀ ਤੂੰ ਆਖਦੈ
ਕਿ ਤੇਰੀ ਤੇ ਮੇਰੀ ਸੋਚ ਵਿਚ
ਕੋਈ ਅੰਤਰ ਨਹੀਂ...।

➢➢➢

# ਚੰਨ

ਚੰਨ ਤਾਂ ਜੀਕੂੰ
ਭਰਿਆ ਕਟੋਰਾ ਦੁੱਧ ਦਾ
ਕੋਈ ਵਿਚ ਅੰਬਰੀਂ ਰੱਖ ਆਵੇ
ਉੱਛਲ-ਉੱਛਲ ਕਟੋਰਾ ਜਿਉਂ
ਧਰਤੀ ਨੂੰ ਵੀ ਭਰਦਾ ਜਾਵੇ
ਦੁੱਧ ਨਾ ਪਰ ਮੁੱਕਣ 'ਚ ਆਵੇ
ਧਰਤੀ ਵੀ ਨਾ ਆਖ ਸੁਣਾਵੇ
ਬੱਸ ਕਰ ਚੰਨਾ ਵੀਰਨਾ
ਮੈਂ ਰੱਜ ਗਈ ਆਂ।

➢➢➢

## ਰੱਬ

ਉੱਤੇ ਨੂੰ ਹੱਥ ਕਰਕੇ
ਜੇ ਰੱਬ ਦੇ ਹੋਣ ਦੀ
ਗਵਾਹੀ ਦਿੰਦੇ ਨੇ ਲੋਕ
ਫਿਰ ਤਾਂ ਰੱਬ ਰੋਜ਼ ਹੀ
ਕਦੀ ਸੂਰਜ ਨੂੰ ਕੁੱਛੜ ਚੁੱਕੀ
ਤੇ ਕਦੀ ਮਣ ਕੁ ਤਾਰੇ
ਝੋਲੀ ਵਿਚ ਖਿਲਾਰੀ
ਮੇਰੇ ਵਿਹੜੇ ਤੇ ਖੜਾ ਦੀਂਹਦੈ।

➢➢➢

## ਬਾਬਲ ਦਾ ਘਰ

ਨਿੱਕੀ ਹੁੰਦੀ ਸੋਚਿਆ ਕਰਾਂ
ਕੁੜੀਆਂ ਜਦੋਂ ਵਹੁਟੀਆਂ ਬਣਦੀਐਂ
ਸਜਦੀਐਂ, ਸੰਵਰਦੀਐਂ
ਉਦੋਂ ਰੋਂਦੀਆਂ ਕਿਉਂ ਐਂ ?
ਹੁਣ ਜਦ ਵੱਡੀ ਹੋਈ ਆਂ
ਸਜੀ, ਸੰਵਰੀ ਤੇ ਵਹੁਟੀ ਬਣੀ ਆਂ
ਤਾਂ ਅਹਿਸਾਸ ਹੋਇਐ
ਕਿ ਬਾਬਲ ਦਾ ਘਰ ਛੱਡਣਾ
ਕਿੰਨਾ ਔਖਾ ਹੁੰਦੈ…?

➢➢➢

## ਵਹੁਟੀ

ਜਦ ਤੱਕ ਵਹੁਟੀ ਨਹੀਂ ਸਾ ਬਣੀ
ਹਰ ਵਿਆਹ ਵਾਲੀ ਕੁੜੀ
ਮੈਨੂੰ ਵਹੁਟੀ ਲੱਗਦੀ ਸੀ
ਤੇ ਹੁਣ ਜਦ ਤੋਂ
ਮੈਂ ਵਹੁਟੀ ਬਣੀ ਹਾਂ
ਹਰ ਵਿਆਹ ਵਾਲੀ ਕੁੜੀ
ਮੈਨੂੰ ਵਹੁਟੀ ਨਹੀਂ
ਸਗੋਂ ਆਪਣੀ ਧੀ ਜਾਂ ਭੈਣ
ਲੱਗਦੀ ਹੈ...
ਜਿਸਨੂੰ ਮੈਂ ਆਪਣੇ ਹੱਥੀਂ
ਵਿਦਾ ਕਰ ਰਹੀ ਹੋਵਾਂ...।

➢➢➢

## ਕਰੋਪੀ

ਤੂੰ ਆਈ ਹੜ੍ਹ ਦੇ ਰੂਪ ਵਿਚ
ਮੈਨੂੰ ਰੋੜ ਲੈ ਜਾਣ ਵਾਸਤੇ
ਪਰ ਤੇਰੀ ਕੋਸ਼ਿਸ਼ ਨਾਕਾਮ।
ਮੈਂ ਜੰਮਿਆ... ਤੂੰ ਫਿਰ ਆਈ
ਮੀਂਹ ਦੇ ਰੂਪ ਵਿਚ
ਮੇਰਾ ਨੰਨ੍ਹਾ ਸਿਰ ਕੁਚਲ
ਮੈਨੂੰ ਧਰਤ ਵਿਚ ਹੀ ਦੱਬਣ ਲਈ
ਤੇਰੀ ਕੋਸ਼ਿਸ਼ ਫਿਰ ਨਾਕਾਮ।
ਫਿਰ ਤੂੰ ਆਈ
ਹਨੇਰੀ ਦੇ ਰੂਪ ਵਿਚ
ਮੈਨੂੰ ਉਡਾਅ ਲੈ ਜਾਣ ਵਾਸਤੇ
ਮੇਰਾ ਪੱਤਾ-ਪੱਤਾ ਜਿਸਮ ਤੋਂ
ਖੁਰਚਣ ਦੀ ਤੇਰੀ ਕੋਸ਼ਿਸ਼ ਫਿਰ ਨਾਕਾਮ।
ਮੈਂ ਤਾਂ ਰੁੱਖ ਹਾਂ
ਮੇਰਾ ਸਿਰ ਧਰਤ ਮਾਤਾ ਨੇ
ਆਪਣੀ ਬੁੱਕਲ ਵਿਚ ਲੁਕਾਇਆ ਹੋਇਐ...
ਤੇ ਮਾਂ ਦੀ ਬੁੱਕਲ ਵਿਚ ਹੁੰਦਿਆਂ
ਮੈਨੂੰ ਤੇਰੇ ਕਿਸੇ ਰੂਪ ਦਾ ਡਰ ਨਹੀਂ...।

➢➢➢

## ਕੁੜੀਆਂ

ਕਿਉਂ ਕੁੜੀਆਂ ਐਨੀਆਂ
ਭੋਲੀਆਂ ਹੁੰਦੀਐਂ
ਕਿ ਕਿਸੇ ਖਾਤਰ
ਸਭ ਕੁੱਝ
ਛੱਡ ਬੈਠਦੀਆਂ ਨੇ
ਤੇ ਕਿਸੇ ਦਿਨ ਉਹ ਵੀ
ਉਹਨਾਂ ਨੂੰ ਛੱਡ ਦਿੰਦੇ ਨੇ
ਜਿੰਨਾਂ ਖਾਤਰ ਉਹਨਾਂ ਨੇ
ਬਾਬਲ ਦੀ ਚਿੱਟੀ ਪੱਗ ਦੀ ਵੀ
ਪਰਵਾਹ ਨਹੀਂ ਕੀਤੀ ਹੁੰਦੀ...।

➢➢➢

## ਮੈਂ ਨਹੀਂ ਲਿਖ ਸਕਦੀ

ਅਜੇ ਮੈਂ ਨਹੀਂ ਲਿਖ ਸਕਦੀ
ਧਰਮ ਬਾਰੇ, ਸਭਿਅਤਾ ਬਾਰੇ, ਸਾਹਿਤ ਬਾਰੇ!
ਲਿਖ ਸਕਦੀ ਹਾਂ ਤਾਂ
ਹੱਡੀਆਂ ਦੀ ਮੁੱਠ ਬਣੀ
ਉਸ ਔਰਤ ਬਾਰੇ
ਉਸਦੀਆਂ ਸੁੱਕੀਆਂ ਛਾਤੀਆਂ ਚੁੰਘਦੇ
ਉਸਦੇ ਨਿੱਕੜੇ ਬਾਲ ਬਾਰੇ
ਨੰਗੇ ਪੈਰ, ਤੇੜ ਨਿੱਕਰ ਉਹ ਵੀ ਪਾਟੀ
ਪੈਰਾਂ ਦੀਆਂ ਪਾਟੀਆਂ ਬਿਆਈਆਂ
ਹੱਥਾਂ ਵਿਚ ਸੁਪਨਿਆਂ ਦੀ ਪਤੰਗ ਫੜੀ ਫਿਰਦੇ
ਉਸਦੇ ਵੱਡੇ ਬਾਲ
ਪਰ ਉਸਦੇ ਘਰ ਦੀ ਦੂਜੇ ਨੁੱਕਰੇ ਡਿੱਗੇ
ਨਸ਼ੇ ਵਿਚ ਧੁੱਤ ਉਸਦੇ ਪਤੀ ਬਾਰੇ
ਪਰ ਮੈਂ ਕੁਝ ਨਹੀਂ ਲਿਖ ਸਕਦੀ
ਕਿਉਂਕਿ ਉਹ ਨਹੀਂ ਚਾਹੁੰਦੀ
ਕਿ ਉਸਦੇ ਸਿਰ ਦੇ ਸਾਈਂ ਨੂੰ
ਕੋਈ ਬਦਨਾਮ ਕਰੇ।

➢➢➢

## ਕੌਣ

ਉੱਠ ਕੇ ਦੇਖਾਂ ਭਲਾਂ
ਵਿਹੜੇ ਕੌਣ ਆਇਐ ?
ਕਿਉਂ ਰੁੱਖਾਂ ਨੇ ਸਿਰ ਝੁਕਾ ਲਏ ?
ਕਿਉਂ ਸੂਰਜ ਬੱਦਲੀਂ ਛੁਪ ਗਿਐ ?
ਇਹ ਚੰਦ ਤਾਰੇ ਆਏ ਨੇ
ਕਿਸਦੇ ਦੀਦਾਰ ਵਾਸਤੇ
ਕਿਉਂ ਖੁਸ਼ੀ ਦੇ ਅੱਥਰੂ ਆ ਗਏ
ਮੇਰੇ ਧੁਆਂਖੇ ਨੈਣਾਂ 'ਚ ਵੀ
ਦਿਲ ਮੇਰੇ ਨੂੰ ਸੁਣ ਰਹੀ
ਕਿਸਦੇ ਕਦਮਾਂ ਦੀ ਚਾਪ ਹੈ ?
ਉੱਠ ਕੇ ਦੇਖਾਂ ਭਲਾ
ਵਿਹੜੇ ਕੌਣ ਆਇਐ ?

➢➢➢

## ਸ਼ਬਦਾਂ ਦਾ ਸਾਥ

ਅਕਸਰ ਜਦੋਂ ਮਨ ਉਦਾਸ ਹੁੰਦੈ
ਤਾਂ ਕਿਸੇ ਦਾ ਸਾਥ ਚੰਗਾ ਨਹੀਂ ਲੱਗਦਾ
ਚੰਗਾ ਲੱਗਦੈ ਤਾਂ ਅੱਖਰਾਂ ਦਾ ਸਾਥ
ਸ਼ਬਦਾਂ ਦਾ ਸਾਥ
ਅਤੇ ਆਪਣੇ ਮਨ ਦੀਆਂ ਗੰਢਾਂ
ਇਹਨਾਂ ਸੰਗ ਫਰੋਲ ਲਈਦੀਐਂ
ਬਿਲਕੁਲ ਉਸੇ ਤਰ੍ਹਾਂ
ਜਿਵੇਂ ਇਕ ਮਾਂ ਫਰੋਲਦੀ ਐ
ਆਪਣੀ ਧੀ ਨਾਲ...।

➢➢➢

## ਨਿੱਕੀ ਸਾਂ ਜਦੋਂ

ਨਿੱਕੀ ਸਾਂ ਜਦੋਂ ਮੈਂ
ਉਦੋਂ ਵੀ ਭੋਲ਼ਾ ਮੁਖੜਾ
ਉਦਾਸ ਹੀ ਰਹਿਣਾ
ਇਕ ਡਾਹਢੀ ਪੀੜ ਦਾ ਡੰਗ
ਹਮੇਸ਼ਾ ਸਹਿਣਾ
ਜਿਵੇਂ ਜਮਾਂਦਰੂ ਹੋਵੇ...
ਫੁੱਲ ਖੇਡਣ ਨਾਲ ਮੇਰੇ
ਖੇਡਦਿਆਂ ਉਹਨਾਂ ਦਾ ਜ਼ਖ਼ਮੀ ਹੋਣਾ
ਜਾਂ ਫਿਰ ਮੌਤ...
ਤਾਂ ਲੰਮੇ ਹੌਂਕੀਂ ਰੋਣਾ
ਮੈਂ ਉਹਨਾਂ ਖਾਤਰ।
ਰੁੱਖ ਝੱਲੇ, ਪੀਂਘਾਂ ਵਾਂਗ ਝੂਲਣ
ਵਾਅ ਵਰੋਲੇ ਨਾਲ ਜ਼ੁਲਫਾਂ ਖਿਲਾਰਣ ਮੇਰੀਆਂ
ਪੱਤਿਆਂ ਦੇ ਨਿਸ਼ਾਨੇ ਮੇਰੇ ਪਿੰਡੇ ਤੇ ਲਾਉਣ
ਤਿਤਲੀਆਂ ਆ ਹੱਥਾਂ ਤੇ ਬੈਠਣ
ਸੂਰਜ ਵੀ ਖੇਡੇ ਲੁਕਣ ਮੀਟੀ
ਕਦੀ ਬੱਦਲਾਂ ਉਹਲੇ ਤੇ ਕਦੀ ਸਾਹਵੇਂ।
ਬੱਦਲ ਵੀ ਛਿੱਟੇ ਮਾਰ
ਮੈਨੂੰ ਨੁਹਾ ਛੱਡਦੇ
ਕਿ ਸ਼ਾਇਦ ਮੈਂ ਖੁਸ਼ ਹੋਵਾਂ... ਹੱਸਾਂ...
ਪਰ ਹੱਸਾਂ ਕਿਵੇਂ...
ਭਿੱਜੇ ਨੈਣੀਂ ਤੱਕ, ਟੁਕੜੇ-ਟੁਕੜੇ ਹੋਏ
ਦਿਲਾਂ ਨੂੰ ਦੇਖ...
ਗਲ ਭਰਿਆ ਪਾਣੀ
ਨੈਣਾਂ ਥੀਂ ਵਹਿ ਤੁਰਦਾ ਸੀ...।

## ਹੰਝੂਆਂ ਦੀਆਂ ਛੱਲਾਂ

ਰੁੜ ਗਈਆਂ ਨੈਣਾਂ ਦੇ ਸਾਗਰ ਵਿਚ
ਸੱਧਰਾਂ ਦੀਆਂ ਜੋ ਬੇੜੀਆਂ ਬੰਨ੍ਹੀਆਂ,
ਉਬਲਣ ਜਦ ਹੰਝੂਆਂ ਦੀਆਂ ਛੱਲਾਂ
ਸੜ ਜਾਵਣ ਨੈਣਾਂ ਦੀਆਂ ਕੰਨੀਆਂ

ਦੂਰ ਦੁਰਾਡੇ ਲੱਭਾਂ ਤੈਨੂੰ
ਹੱਥ ਮੱਥੇ ਤੇ ਰੱਖ-ਰੱਖ ਝਾਕਾਂ
ਸੁਪਨਿਆਂ ਦੇ ਇਹ ਲੰਗਾਰ ਸਿਉਂਦਿਆਂ
ਅੱਖਾਂ ਹੋ ਜਾਵਣਗੀਆਂ ਅੰਨ੍ਹੀਆਂ।

ਜ਼ੋਖਮ ਭਰੇ ਦਿਹਾੜੇ ਗੁਜ਼ਰਨ
ਦਰਦਾਂ ਮਾਰੀਆਂ ਰਾਤਾਂ
ਸ਼ਹਿਦ ਭਿੱਜੇ ਬੋਲਾਂ ਦੀਆਂ ਗੂੰਜਾਂ
ਕੰਧੀ ਵੱਜ-ਵੱਜ ਹੋਵਣ ਝੱਲੀਆਂ।

➢➢➢

## ਜੇ ਮੈਂ ਜੰਮਾਂ

ਜੇ ਮੈਂ ਜੰਮਾਂ ਅੱਗ ਦੀ ਰੁੱਤੇ
ਜੰਮਦਿਆਂ ਹੀ ਜਲ ਜਾਵਾਂ
ਨਾ ਮੈਂ ਖੇਡਾਂ ਗੁੱਡੀਆਂ ਪਟੋਲੇ
ਨਾ ਹੀ ਧਰਤੀ ਪੈਰ ਛੁਹਾਵਾਂ।
ਜੇ ਮੈਂ ਜੰਮਾਂ ਪੀੜ ਦੀ ਰੁੱਤੇ
ਪੀੜ ਹੀ ਤੇੜ ਹੰਢਾਵਾਂ
ਪੀੜ ਦੀ ਜ਼ਹਿਰ ਚੜੇ ਇਸ ਜਿੰਦ ਨੂੰ
ਸਹਿਕ-ਸਹਿਕ ਮਰ ਜਾਵਾਂ।
ਜੇ ਮੈਂ ਜੰਮਾਂ ਹੜ੍ਹ ਦੀ ਰੁੱਤੇ
ਹੜ੍ਹ ਵਿਚ ਜੂਨ ਹੰਢਾਵਾਂ
ਮਨ ਵਿਚ ਦੱਬ ਕੇ ਲੱਖ ਕੁ ਸੱਧਰਾਂ
ਹੜ੍ਹ ਅੰਦਰ ਰੁੜ ਜਾਵਾਂ।
ਜੇ ਜੰਮਾਂ ਕੰਡਿਆਲੀ ਰੁੱਤੇ
ਕੰਡੇ ਹੀ ਜਿਸਮ ਛੁਹਾਵਾਂ
ਜੇ ਜਿਉਣਾ ਤਾਂ ਕੰਡਿਆਂ ਉੱਤੇ
ਕੰਡਿਆਂ ਤੇ ਮਰ ਜਾਵਾਂ।

➣➣➣

## ਕੁਸੈਲੀਆਂ ਤਾਂਘਾਂ

ਉਮਰ ਮੇਰੀ ਦੇ ਕਰਮੀ ਪੀੜਾਂ
ਦੋਜ਼ਖ ਵਾਂਗ ਹੰਢਾਈਆਂ
ਸ਼ੁਕਰ ਕਿ ਉਮਰ ਮੇਰੀ ਦੀਆਂ
ਤਰਕਾਲਾਂ ਢਲ ਆਈਆਂ।

ਮੇਰੀ ਹਯਾਤੀ ਵਾਂਗ ਦੁਪਹਿਰਾਂ
ਮੱਚ-ਮੱਚ ਪਿੰਡਾ ਸਾੜੇ
ਕਦੇ ਨਾ ਸਰਘੀ ਵੇਲੇ ਇਹਦੇ
ਪੱਤਰੀਂ ਤਰੇਲਾਂ ਆਈਆਂ।

ਜ਼ੁਲਫਾਂ ਸੋਗੀਂ ਖਿੰਡੀਆਂ ਪੁੰਡੀਆਂ
ਹੋਈਆਂ ਵਾਂਗ ਫਕੀਰਾਂ
ਵੇਖ ਕੇ ਆਲ੍ਹਣਿਆਂ ਦੇ ਬੋਟਾਂ
ਹੱਸ-ਹੱਸ ਦੰਦੀਆਂ ਕੱਢ ਵਿਖਾਈਆਂ।

ਦਿਲ ਦੇ ਤਪਦੇ ਬਾਗੀਂ
ਕੀਹਦੇ ਵਸਲ ਦੀਆਂ ਤਾਂਘਾਂ
ਬਣ ਹੰਝੂਆਂ ਦੀਆਂ ਡਾਰਾਂ
ਮੇਰੇ ਗਲਮੇ ਤੀਕਰ ਆਈਆਂ।

ਉੱਚੇ ਕੱਦ ਸਰੂ ਜਿਹੀਆਂ
ਕਿਵੇਂ ਹੋਈਆਂ ਫਿਰਨ ਸੁਦੈਣਾਂ
ਵੇਖ ਨੀ ਭਾਲਣ ਰਾਂਝਿਆ ਤਾਈਂ
ਬਣ-ਬਣ ਜੋਗਣਾਂ ਆਈਆਂ।

ਖਾ-ਖਾ ਰੋੜ ਸ਼ੌਂਕ ਸਾਡੇ ਦੇ
ਬਿਰਹੇ ਤਾਈਂ ਡਕਾਰ ਨਾ ਆਇਆ
ਵਿਚ ਸੰਸੇ ਹੰਝੂਆਂ ਦੇ ਮੱਥੀਂ
ਕਈ ਲੱਖ ਤ੍ਰੇਲੀਆਂ ਆਈਆਂ।

ਦਿਲ ਦੇ ਵਿਹੜੇ ਪੀਹੜਾ ਡਾਹ-ਡਾਹ
ਬਿਰਹਾ ਸੱਜ ਸੱਜ ਬੈਠੇ
ਭਰ-ਭਰ ਛੱਜਲੀਆਂ ਪੀੜਾਂ ਦੀਆਂ
ਸਖੀਆਂ ਮੇਰੀ ਝੋਲੀ ਪਾਈਆਂ।

ਦੇਖੇ ਮਾਂ ਦੇ ਅੰਦਰ ਵੀ
ਮੈਂ ਪੀੜਾਂ ਦੇ ਪਰਛਾਵੇਂ
ਪਿਛੋਂ ਗੁੜਤੀ ਦੇਣ ਵਾਲੀ ਵੀ
ਪੀੜਾਂ ਹੀ ਘੋਲ ਪਿਲਾਈਆਂ।

➢➢➢

## ਅਵੱਲੜੀਆਂ ਪੀੜਾਂ

ਨਿੱਕੀ ਉਮਰ ਅਵੱਲੜੀਆਂ ਪੀੜਾਂ
ਹਾਏ ਨੀ ਮੈਥੋਂ ਜਾਣ ਨਾ ਸਹੀਆਂ
ਇਹ ਕੇਹੀਆਂ ਦਰਦਾਂ ਨਾਲ ਸਾਂਝਾਂ
ਹਾਏ ਨੀ ਕਿਸੇ ਨੂੰ ਜਾਣ ਨਾ ਕਹੀਆਂ।

ਹਰ ਧੜਕਣ ਮੇਰਾ ਦਿਲ ਪਿਆ ਸੁਣਦੈ
ਉਹਦੇ ਬੋਲਾਂ ਦੀ ਖੁਸ਼ਬੋਈ
ਉਹਦੀਆਂ ਕਹੀਆਂ ਛੁਪਾਵਾਂ ਕਿੱਥੇ
ਹਾਏ ਨੀ ਉਹ ਸ਼ਬਦਾਂ ਦੀਆਂ ਥਹੀਆਂ।

ਖੋਹ ਮੇਰੇ ਚਾਵਾਂ ਦੀਆਂ ਕੂੰਜਾਂ
ਕਾਵਾਂ ਮੱਲੇ ਬਨੇਰੇ ਕਿਧਰੇ
ਤੁਪਕੇ-ਤੁਪਕੇ ਦਿਲ ਪਿਆ ਰੋਂਦੈ
ਰੋ-ਰੋ ਸੋਗ ਮਨਾਵਣ ਸਈਆਂ।

ਹਾਲ ਸ਼ੁਦੈਣਾਂ ਮੈਂ ਪਈ ਵਿਲਕਾਂ
ਗਸ਼ੀਆਂ ਖਾ-ਖਾ ਡਿੱਗਦੀ
ਸੀਨੇ ਦੇ ਵਿਚ ਨਾਗ ਡਸਾਵਣ
ਜਿਹੜੀਆਂ ਗੱਲਾਂ ਉਹਨੇ ਕਹੀਆਂ।

ਪੰਧ ਮੁਕਾਵਾਂ ਕਿੰਝ ਇਸ਼ਕੇ ਦਾ
ਨ੍ਹੇਰ ਗੜੁੱਚੀਆਂ ਰਾਹਾਂ 'ਤੇ
ਕਦਮ ਕਦਮ ਮੈਂ ਡੋਲੇ ਖਾਵਾਂ
ਕੈਸੀਆਂ ਉਹਦੇ ਦਿਲ ਦੀਆਂ ਪਹੀਆਂ।

ਤੈਂ ਵੀ ਮੈਂ ਤੇ ਤੋਹਮਤ ਲਾਈ
ਲੋਕਾਂ ਨੇ ਵੀ ਮਾਰੀਆਂ ਛਵੀਆਂ
ਹਾਲ ਬੇਹਾਲ ਇਸ਼ਕ ਵਿਚ ਹੋਏ
ਲੱਖ ਜਹਿਮਤਾਂ ਸਿਰ 'ਤੇ ਸਹੀਆਂ।

## ਕਿਸਦੀ ਬਦ-ਦੁਆ

ਇਹ ਕਿਸਦੀ ਬਦ-ਦੁਆ ਹੈ ਮੈਨੂੰ
ਕਿਸਦੀ ਬਦ-ਦੁਆ ਹੈ
ਲਾਸ਼ ਤੇ ਨਾ ਰੋਇਆ ਕੋਈ
ਨਾ ਕਿਸੇ ਦੀਵਾ ਜਗਾਇਆ ਆਣ ਕੇ।
　　ਆਪਣੇ ਮਿਲਦੇ ਨੇ ਮੈਨੂੰ
　　ਬੇਗਾਨਗੀ ਦਾ ਜਾਮਾ ਪਹਿਨ ਕੇ
　　ਪਹਿਚਾਨਿਆ ਨਹੀਂ ਤੁਹਾਨੂੰ
　　ਆਖਦੇ ਪਹਿਚਾਣ ਕੇ।
ਜਾਮ ਹੈ ਨੈਣਾਂ ਦਾ
ਇਹਨੂੰ ਪੀ ਕੇ ਸਾਕੀ ਝੂਮ ਲੈ
ਆਖ ਕੇ ਕਿਸੇ ਨੇ ਮੈਨੂੰ
ਜ਼ਹਿਰ ਦਿੱਤਾ ਜਾਣ ਕੇ।
　　ਦੀਦਾਰ ਕਰ ਲਵਾਂ ਜਾਂ
　　ਪਹਿਲਾਂ ਕਰੋਂਗੇ ਸਜਦਾ ਕਬੂਲ
　　ਸੂਲੀ ਚੜ੍ਹਾ ਰਹੇ ਹੋ ਮੈਨੂੰ
　　ਤੁਸੀਂ ਅਚਾਨਕ ਆਣ ਕੇ।
ਕੀਰਨੇ ਪਾਏ ਨਾ
ਨਾ ਧਾਹਾਂ ਕਿਸੇ ਨੇ ਮਾਰੀਆਂ
ਸਖੀਆਂ ਨੇ ਵੀ ਖੌਰੇ ਕਿਉਂ ਨਾ
ਕੀਤਾ ਸਿਆਪਾ ਆਣ ਕੇ।
　　ਨਾ ਲਾਸ਼ ਸਾੜਨ ਵਾਸਤੇ
　　ਨਾ ਆਇਆ ਮੋਢਾ ਦੇਣ ਲਈ।
　　ਮੌਤ ਮੇਰੀ ਹੋ ਗਈ
　　ਉਹ ਮੁੜ ਗਿਆ ਏਨਾ ਜਾਣ ਕੇ।

➢➢➢

## ਕੌਣ ਕਿਸੇ ਦੇ ਅੱਥਰੂ ਪੀਂਦੈ

ਕੌਣ ਕਿਸੇ ਦੇ ਅੱਥਰੂ ਪੀਂਦੈ
ਕੌਣ ਕਿਸੇ ਦੀਆਂ ਪੀੜਾਂ ਸਹਿੰਦੈ
ਕੌਣ ਕਿਸੇ ਦੇ ਮੱਲ੍ਹਮਾਂ ਲਾਵੇ
ਕੌਣ ਦੁਖਦੀਆਂ ਰਗਾਂ ਹਟਾਵੇ
ਕੌਣ ਦਿਲੇ ਦੀਆਂ ਲੀਰਾਂ ਸੀਂਦੈ।
ਦਿਲ ਦੀ ਪੀੜ ਹਟਾਵਣ ਖਾਤਰ
ਕੌਣ ਜਹਾਨੋਂ ਜਾਂਦੇ ਨੂੰ
ਆਖਰ ਵਾਰ ਦੀਦਾਰੇ ਦਿੰਦੈ।
ਡਰ-ਡਰ ਇਥੇ ਆਸ਼ਕ ਜੀਂਦੇ
ਕਿਹੜਾ ਮਜਨੂੰ ਲੈਲਾ ਖਾਤਰ
ਯਾਰੋ ਇੱਟਾਂ ਪੱਥਰ ਸਹਿੰਦੈ।
ਪਿਆਰ ਦਾ ਸਾਗਰ ਸੁੱਕਦਾ ਜਾਵੇ
ਕਿਹੜਾ ਹੁਸਨ ਇਸ਼ਕ ਦੀ ਖਾਤਰ
ਯਾਰੋ ਕੱਚਿਆਂ ਉਤੇ ਤਰੀਂਦੈ।
ਨਿੱਤ-ਨਿੱਤ ਰਾਂਝੇ ਬਦਲਣ ਹੀਰਾਂ
ਬਾਰਾਂ ਸਾਲ ਉਡੀਕਣ ਖਾਤਰ
ਕੌਣ ਜੋਗੀਆਂ ਵਾਂਗਰ ਰਹਿੰਦੈ।
ਰੋਜ ਪੁੰਨਣ ਸੱਸੀਆਂ ਨੂੰ ਛੱਡਦੇ
ਕੌਣ ਪੁੰਨਣ ਨੂੰ ਭਾਲਣ ਖਾਤਰ
ਭੱਖਦੀ ਰੇਤਾ ਜਿਸਮ ਸੜੀਂਦੈ।
ਲੱਖਾਂ ਆਸ਼ਕ ਨਿੱਤ ਮਿਲਦੇ ਨੇ
ਵੇਖੋ ਸਾਡੀ ਖਾਤਰ ਕਿਹੜਾ
ਸੱਚੇ ਇਸ਼ਕ ਦੀ ਸੂਲੀ ਟੰਗੀਂਦੈ।

➢➢➢

## ਆਖੀਂ ਨੀ ਮਾਏ ਉਸਨੂੰ

ਆਖੀਂ ਨੀ ਮਾਏ ਉਸਨੂੰ
ਮੇਰੀ ਚਿਤਾ ਨੂੰ ਲਾਂਬੂ ਲਾ ਜਾਵੇ,
ਪੂੰਝ ਦੇਵੇ ਮੇਰੇ ਅੱਥਰੂ
ਮੇਰੀ ਅਰਥੀ ਨੂੰ ਮਹਿਕਾ ਜਾਵੇ।
          ਕੱਫਣ ਲੈ ਕੇ ਆਵੇ
          ਉਤਾਰ ਲਵੇ ਫੁਲਕਾਰੀ ਨੂੰ,
          ਬਾਹਾਂ ਵਿਚ ਹੱਸ-ਹੱਸ ਪਾਇਆ ਸੀ
          ਸ਼ਗਨਾਂ ਦਾ ਚੂੜਾ ਤੋੜ ਜਾਵੇ।
ਮੇਰੇ ਫੁੱਲਾਂ ਦੇ ਪਿੰਡਿਆਂ ਤੇ
ਜ਼ਖ਼ਮ ਹਜ਼ਾਰਾਂ ਅੱਲ੍ਹੇ ਨੇ,
ਆਖੀਂ ਨੀ ਕਿਸੇ ਭੰਵਰੇ ਤਾਈਂ
ਆਕੇ ਮੱਲ੍ਹਮਾਂ ਲਾ ਜਾਵੇ।
          ਮੇਰੀ ਉਮਰ ਦੇ ਬੁੱਢੇ ਬੋਹੜੀਂ
          ਪੀੜਾਂ ਦੀਆਂ ਗੋਲਾਂ ਲੱਗ ਗਈਆਂ,
          ਆਖੋ ਕੁੜੇ ਜਨੌਰਾਂ ਤਾਈਂ
          ਕੋਈ ਇਹ ਵੀ ਆ ਕੇ ਖਾ ਜਾਵੇ।

➢➢➢

## ਮੁਬਾਰਕ

ਦੁਖਦੇ ਮਨਾਂ ਦੀਆਂ ਪੀੜਾਂ ਹਰੀਏ
ਨਫਰਤ ਦੇ ਇਹ ਕੰਡੇ ਚੁਗੀਏ
ਪਿਆਰ ਤੋਂ ਸੱਖਣੀਆਂ ਰੂਹਾਂ ਨੂੰ
ਆਓ ਧਾਹ ਗੱਲਵਕੜੀ ਪਾਈਏ।
    ਬਾਲ ਤਲੀ ਤੇ ਦੀਵਾ ਧਰੀਏ
    ਹਰ ਇਕ ਰਾਹ ਰੁਸ਼ਨਾਈਏ
    ਭਟਕੀ ਕਿਸੇ ਦੀ ਰੂਹ ਦੇ ਤਾਈਂ
    ਲੱਖ-ਲੱਖ ਰੋਜ਼ ਦੁਆਵਾਂ ਕਰੀਏ।
ਟੁੱਟੇ ਦਿਲਾਂ ਨੂੰ ਜੋੜਨ ਦੇ ਲਈ
ਦੋ ਬੋਲ ਮੁਹੱਬਤ ਵਾਲੇ ਕਹੀਏ,
ਤੋੜ ਦਿਉ ਅੱਜ ਮੌਨ ਵਰਤ ਵੀ
ਅੱਜ ਦੇ ਦਿਨ ਚੁੱਪ ਕਾਹਤੋਂ ਰਹੀਏ।
    ਮਨਾਂ ਵਿਚ ਖੜੀਆਂ ਕੰਧਾਂ ਢਾਹੀਏ
    ਸਾਂਝਾਂ ਦੀ ਕੋਈ ਗੱਲ ਸੁਣਾਈਏ
    ਹਰ ਸਾਲ ਮੁਬਾਰਕ ਹੋਵੇ ਕਹੀਏ
    ਹਰ ਦਿਨ ਹੀ ਮੁਬਾਰਕ ਹੋਵੇ ਕਹੀਏ।

➢➢➢

## ਮਾਂ-ਪਿਉ

ਮੇਰੀ ਕੁੱਖ ਦੇ ਦੋ ਹਿੱਸੇ
ਇਕ ਵਿਚ ਤੇਰਾ ਪੁੱਤ
ਤੇ ਦੂਜੇ ਵਿਚ ਤੇਰੀ ਧੀ
ਤੇ ਫਿਰ ਮੇਰੇ ਅੰਨਦਾਤਾ!
ਤੂੰ ਹਮੇਸ਼ਾ ਇਹ ਕਿਉਂ ਕਹਿਨੈ...
ਕਿ ਤੂੰ ਇਕ ਧੀ ਦੀ ਮਾਂ ਏਂ...
ਤੇ ਮੈਂ ਇਕ ਪੁੱਤ ਦਾ ਪਿਉ
ਕੀ ਆਪਾਂ ਦੋਵੇਂ ਨਹੀਂ ਹੋ ਸਕਦੇ ਕਦੇ...?
ਪੁੱਤ ਤੇ ਧੀ ਦੇ
ਮਾਂ-ਪਿਉ...।

➢➢➢

## ਅੱਗ ਅਤੇ ਪਾਣੀ

ਤੂੰ ਇਹ ਕੀਕਣ ਕਹਿਨੈ
ਅੱਗ ਤੇ ਪਾਣੀ
ਕਦੇ 'ਕੱਠੇ ਨਹੀਂ ਹੋ ਸਕਦੇ
ਜੇ ਤੈਨੂੰ ਯਾਦ ਹੋਵੇ
ਦਾਈ ਦੇ ਹੱਥਾਂ 'ਚ
ਆਉਣ ਤੋਂ ਪਹਿਲਾਂ
ਪਾਣੀ ਦੀ ਚਾਰਦੀਵਾਰੀ ਦੇ ਨਾਲ-ਨਾਲ
ਤੇਰੇ ਦੁਆਲੇ
ਅੱਗ ਦੀ ਵਾੜ ਵੀ ਸੀ...।

➢➢➢

## ਸਾਹਾਂ ਦੀ ਵਲਟੋਹੀ

ਸਾਹਾਂ ਦੀ ਵਲਟੋਹੀ ਭਰਕੇ
ਇਕ ਵਣਜਾਰਨ ਆਈ
ਲੈ ਲਉ ਨੀ ਕੋਈ
ਸਾਹ ਉਧਾਰੇ ਲੈ ਲਉ
ਲੈ ਲਉ, ਜਿਸਦਾ ਛੰਨਾ...
ਡੁੱਲ ਗਿਆ ਸਾਹਾਂ ਦਾ
ਉਹ ਵੀ ਲੈ ਲਉ ਜਿਸਦੇ
ਇਕ ਦੋ ਬਾਕੀ ਰਹਿੰਦੇ ਨੇ...
ਲੈ ਲਉ ਬੁੱਢੇ ਬਾਪੂ ਖਾਤਰ
ਲੈ ਲਉ ਧੀ ਧਿਆਣੀ ਖਾਤਰ
ਕੋਈ ਕੁਲ ਦੇ ਵਾਰਿਸ ਖਾਤਰ
ਕੋਈ ਜੰਮਣਦਾਤੀ ਖਾਤਰ
ਲੈ ਲਉ ਸਿਰ ਦੇ ਸਾਈਂ ਖਾਤਰ
ਲੈ ਲਉ ਨੀ ਕੋਈ
ਸਾਹ ਉਧਾਰੇ ਲੈ ਲਉ
ਸਾਹਾਂ ਦੀ ਵਲਟੋਹੀ ਭਰਕੇ
ਇਕ ਵਣਜਾਰਨ ਆਈ।

➢➢➢

## ਕਠਪੁਤਲੀ

ਰੱਬ ਜੀ!
ਅਗਲੀ ਜੂਨ ਆਵਾਂ
ਤਾਂ ਇਕ ਪੱਥਰ ਬਣਕੇ
ਬਿਲਕੁਲ ਮਨ-ਹੀਣ
ਨਾ ਸੋਚ
ਨਾ ਜ਼ਜ਼ਬਾਤ
ਬਸ ਇਕ ਕਠਪੁਤਲੀ
ਲਹੂ ਮਾਸ ਦੀ
ਆਦਮ ਦੇ ਹੱਥਾਂ 'ਚ
ਜੋ ਨਾ ਰੋ ਸਕੇ
ਨਾ ਹੱਸ ਸਕੇ
ਤੇ ਬੱਸ ਹੁਕਮ ਮੰਨੇ...।

➢➢➢

## ਇਲਜ਼ਾਮ

ਲੂਣਾਂ ਤੇ ਇਲਜ਼ਾਮ ਸੀ
ਮਾੜੀ ਨਿਗਾਹ ਕੀਤੀ
ਮਤੇਰ ਪੁੱਤ ਵੱਲ
ਬ੍ਰਹਮਾ ਤੇ ਕਿਉਂ ਨਹੀਂ... ?
ਉਸਨੇ ਵੀ ਤਾਂ
ਮਾੜੀ ਨਿਗਾਹ ਕੀਤੀ ਸੀ
ਸਕੀ ਧੀ ਵੱਲ
ਕੀ ਉਹ ਰੱਬ ਸੀ ਅਤੇ ਆਦਮੀ ਵੀ ?
ਜਿਸ ਲਈ ਹਰ ਗਲਤੀ ਜ਼ਾਇਜ਼ ਸੀ
ਜਾਂ ਫਿਰ ਕਿਸੇ ਸਰਾਪ ਦਾ ਡਰ
ਜੋ ਲੂਣਾਂ ਤੋਂ ਨਹੀਂ ਸੀ... ?

➢➢➢

## ਹੌਂਕਾ

ਜਦ ਤੋਂ ਉਸਨੇ ਦੇਖਿਐ
ਧੁਖਦੇ ਸਾਹਾਂ ਨੂੰ
ਸਾਗਰ ਦੇ ਵਿਚ ਉੱਠਦੇ
ਕੁਝ ਉਬਾਲ ਜਹੇ
ਬੁੱਕਲ ਵਿਚ ਲੁਕੋ ਕੇ
ਬੈਠੀ ਰਹਿੰਦੀ ਹੈ
ਕਰਦੀ ਸੀ ਉਹ ਜਿਸ
ਹੌਂਕੇ ਤੇ ਮਾਣ ਕਦੇ।

➢➢➢

## ਚੁੱਪ ਦਾ ਕਰੀਂਡਲ

ਉੱਠ!
ਆਪਣੀ ਚੁੱਪ ਦਾ
ਕਰੀਂਡਲ ਤੋੜ
ਪੀੜਾਂ ਦਾ ਭਰਿਆ
ਘੜਾ ਡੋਹਲ ਦੇ
ਸ਼ਹਿਦ ਵਰਗੇ ਕੁਝ ਬੋਲ
ਆਪਣੇ ਬੁੱਲ੍ਹਾਂ ਤੋਂ
ਮੇਰੇ ਵੱਲ ਸਰਕਾ ਦੇ
ਹਾਸਿਆਂ ਦੀ ਗਾਗਰ
ਹਥੇਲੀ ਉੱਤੇ ਰੱਖ
ਵੰਡਦੀ ਜਾ
ਗਲੀ-ਗਲੀ
ਸ਼ਹਿਰ-ਸ਼ਹਿਰ
ਯਕੀਨ ਮੰਨੀ...
ਤੇਰੀ ਇਹ ਗਾਗਰ
ਕਦੇ ਖਾਲੀ ਨਹੀਂ ਹੋਣੀ...।

➢➢➢

## ਆਤਮਘਾਤ ਦੇ ਗਵਾਹ

ਚੁਰਾਹੇ 'ਚ ਪਈ
ਉਸਦੀ ਲਾਸ਼ ਦੀ
ਤਲਾਸ਼ੀ ਲਈ ਗਈ
ਤਾਂ ਉਸਦੇ ਪਾਟੇ ਖੀਸੇ 'ਚੋਂ ਨਿਕਲੇ
ਲੱਪ ਕੁ ਬੋਲ ਕਿਸੇ ਦੇ
ਥੱਬਾ ਕੁ ਯਾਦਾਂ ਦਾ
ਇਕ ਮੁੱਠ ਪੀੜਾਂ ਦੀ
ਕੁਝ ਛਿੱਟੇ ਦੁਆਵਾਂ ਦੇ
ਦੋ ਚਾਰ ਹੌਂਕੇ
ਪੰਡ ਕੁ ਸ਼ਿਕਵਿਆਂ ਦੀ
ਸਰਾਪਾਂ ਦਾ ਇਕ ਬੁੱਕ
ਲੋਕਾਂ ਦੇ ਕੁਝ ਤਾਹਨੇ
ਆਪਣਿਆਂ ਦੇ ਲਾਏ ਇਲਜ਼ਾਮ
ਤੇ ਇਹ ਸਭ ਉਸ ਵੱਲੋਂ
ਚੜ੍ਹਦੀ ਜਵਾਨੀ 'ਚ
ਕੀਤੇ ਗਏ ਆਤਮਘਾਤ ਦੀ
ਗਵਾਹੀ ਭਰਨ ਲਈ ਕਾਫ਼ੀ ਸਨ
ਸਿਵਾਏ ਹੱਥ ਦੀ ਮੁੱਠੀ 'ਚ
ਘੁੱਟੇ ਲੰਮੀ ਉਮਰ ਵਾਸਤੇ
ਮਾਂ ਵੱਲੋਂ ਦਿੱਤੇ ਗਏ
ਇਕ ਅਸ਼ੀਰਵਾਦ ਦੇ...।

➢➢➢

## ਸੂਚਨਾ

ਸੁਪਨੇ ਕਤਲ ਹੋ ਰਹੇ ਨੇ
ਅੱਖਾਂ ਦੀਆਂ ਪੁਤਲੀਆਂ ਪਿੱਛੇ
ਸੋ ਦੇਖਣੇ ਬੰਦ ਕਰ ਦਿਉ
ਅਗਲਾ ਵਾਰ ਯਕੀਨਨ
ਤੁਹਾਡੀਆਂ ਅੱਖਾਂ 'ਤੇ ਹੋਵੇਗਾ
ਜੋ ਸੁਪਨਿਆਂ ਨੂੰ
ਸ਼ਹਿ ਦਿੰਦੀਆਂ ਨੇ।

➢➢➢

## ਸੁਪਨੇ

ਕੁਝ ਸੁਪਨੇ
ਜੋ ਤੈਂ...
ਮੇਰੀ ਹਥੇਲੀ ਤੇ
ਚਿਣੇ ਸਨ
ਬੜੇ ਮੋਹ ਨਾਲ...
ਅੱਜ ਕਿਰ ਗਏ
ਜਦ ਦੇਖੇ...
ਤੇਰੀ ਹਥੇਲੀ ਤੇ ਚਿਣੇ
ਕਿਸੇ ਗੈਰ ਦੇ ਸੁਪਨੇ...।

➢➢➢

## ਤੂੰ

ਅਜੇ ਯਾਦਾਂ ਬਾਕੀ ਨੇ
ਕੁਝ-ਕੁਝ...
ਸੁਪਨਾ ਵੀ ਆਉਂਦੈ
ਟਾਵਾਂ-ਟਾਵਾਂ...
ਤੇਰੀ ਹੋਂਦ ਹੈ
ਸੋਚਾਂ 'ਚ ਸ਼ਾਮਿਲ
ਕਿਤੇ-ਕਿਤੇ...
ਗੱਲਾਂ 'ਚ ਵੀ
ਹੁੰਗਾਰਾ ਭਰਦਾ ਜਾਪਦੈਂ
ਜੀਕੂੰ....
ਇਸਦਾ ਮਤਲਬ
ਤੂੰ ਅਜੇ...
ਦਿਲ 'ਚੋਂ ਨਹੀਂ ਗਿਆ...।

➢➢➢

## ਜਿੰਦ ਦਾ ਸੁਰਮਾ

ਜਿੰਦ ਦਾ ਇਹ ਖੁੰਢ
ਇਸ਼ਕ ਦੇ ਚੁੱਲ੍ਹੇ 'ਚ ਡਾਹਿਆ
ਮਚ ਗਿਆ, ਸੜ ਗਿਆ
ਕਾਲਖ ਤੋਂ ਕਾਲਾ ਹੋ ਗਿਆ
ਸੁਰਮੇ ਤੋਂ ਵੀ
ਹੋ ਗਿਆ ਮਹੀਨ
ਰਾਤ ਨੇ ਮੰਗ ਇਕ ਸਲਾਈ
ਡੇਲਿਆਂ ਨਾਲ ਛੁਹਾਈ
ਅੰਬਰ ਦਾ ਸੰਖ ਕੂਕਿਆ,
ਕਾਲੀਏ...
ਕਾਲਖ ਕਾਹਤੋਂ ਨੈਣੀਂ ਪਾਈ,
ਸੂਰਜ ਦਾ ਲਿਉੜ
ਲਾਹ ਲੈਂਦੀ ਇਕ
ਭਾਵੇਂ ਨਿੱਤ ਸਲਾਈਆਂ
ਭਰ-ਭਰ ਪਾਂਵਦੀ...।

➢➢➢

## ਸਾਹਾਂ ਦਾ ਪੀਹਣ

ਸਾਹਾਂ ਦੇ ਕੁਝ ਪਰਾਗੇ
ਇਸ਼ਕੇ ਦੇ ਛੱਜ 'ਚ ਪਾਏ
ਹੌਂਕਿਆਂ ਦਾ ਫਟਕਾ ਮਾਰਿਆ
ਕੋਸੇ-ਕੋਸੇ ਸਾਹਾਂ ਦੇ
ਕੁਝ ਰੋੜ ਚੁਗੇ
ਤੇਰੇ ਸਾਹਾਂ ਦੇ
ਬੋਹਲ ਵਿਚ ਰਲਾ ਧਰੇ...
ਪੀਹਣ ਜੋ ਸੀ ਬਣਿਆ
ਸਾਹਾਂ ਦਾ
ਬਿਰਹੋਂ ਦੀ ਚੱਕੀ
ਸੁੱਟ ਆਈ...
ਬਾਕੀ ਬਚਿਆ ਛਟਕਣ
ਗਲੀ ਦੇ ਮੋੜ ਤੇ ਟੰਗੇ
'ਦਾਨ ਪੇਟੀ' ਵਿਚ
ਪਾ ਆਈ...
ਸਚਮੁੱਚ!
ਕਿੰਨੀ ਮਹਾਨ ਹਾਂ...!
ਮੈਂ...?

➢➢➢

## ਨਿਰੰਤਰਤਾ

ਨਾ ਪੈਰਾਂ 'ਚ ਦੇਖੇ ਛਾਲੇ
ਨਾ ਹੱਥਾਂ ਦੀਆਂ ਲਕੀਰਾਂ
ਮੰਜ਼ਿਲ ਵੀ ਪਤਾ ਨਹੀਂ ਹੈ
ਬਸ ਤੁਰਦੇ ਜਾ ਰਹੇ ਹਾਂ।

➢➢➢

## ਮੇਰੀ ਹੋਂਦ

ਪਾਣੀ ਤੇ ਲੀਕ ਨਹੀਂ
ਮਿਟ ਜਾਂਵਾਂਗੀ ਜੋ
ਤੇਰੇ ਦਿਲ ਤੇ ਮੇਰੀਆਂ ਪੈੜਾਂ
ਲੋਹੇ ਤੇ ਲੀਕ ਨੇ।

➢➢➢

## ਸਵਾਲ

ਜਵਾਨੀ ਦਾ
ਵਰਜਿਤ ਵਰ੍ਹਾ
ਤੇ ਮਾਂ ਦੇ ਰੋਕਣ ਤੇ
ਵੀ ਘਰੋਂ ਕਦਮ ਪੁੱਟਿਆ
ਅੰਬਰ ਤੱਕ ਉਡਾਰੀ
ਲਾਉਣ ਦੀ ਇੱਛਾ ਨਾਲ...
ਅੰਬਰ ਦੇ ਕੁਝ ਤਾਰਿਆਂ
ਤੇ ਫਿਰ ਚੰਨ ਤੇ ਸੂਰਜ ਦੁਆਰਾ
ਲੰਗਾਰ ਕੀਤਾ ਜਿਸਮ
ਲੈ ਕੇ ਪੱਥਰ ਬਣੀ ਬੈਠੀ ਹੈ...
ਲੋਕ ਥੁੱਕਦੇ ਨੇ
ਉਸਦੇ ਲੰਗਾਰ ਹੋਏ ਜਿਸਮ ਤੇ
ਪਰ ਇਹ ਲੋਕ ਚੰਦ ਸੂਰਜਾਂ
ਤੇ ਥੁੱਕਣ ਦੀ ਹਿੰਮਤ
ਕਿਉਂ ਨਹੀਂ ਕਰਦੇ...?

➢➢➢